# ਗੁਆਚਿਆ ਮਨੁੱਖ
(ਕਾਵਿ-ਸੰਗ੍ਰਹਿ)

*ਰਹਿਮਤਾਂ ਤੇਰੀਆਂ*
*ਸਦਾ ਹੀ ਰਹਿਣ ਸਾਡੇ 'ਤੇ*
*ਨਤਮਸਤਕ ਕਰਦੇ ਰਹੀਏ*
*ਸਦਾ ਤੇਰੇ ਦਰਬਾਰਾਂ 'ਤੇ*
*ਔਕਾਤ ਦੇ ਵਿਚ ਰਹਿ ਕੇ ਅਸੀਂ*
*ਦਿਨ ਕੱਟੀਏ....*

***-ਤੇਜਿੰਦਰ ਸਿੰਘ ਬਾਜ***

# ਗੁਆਚਿਆ ਮਨੁੱਖ
(ਕਾਵਿ-ਸੰਗ੍ਰਹਿ)

ਤੇਜਿੰਦਰ ਸਿੰਘ ਬਾਜ

# Guachiya Manukh

(Poetry)

By

**Tejinder Singh Baaj**
S/o S. Mewa Singh
V.P.O. Burj Hakiman
Teh. Raikot (Ludhiana)
Ph. 98720-74034,
99883-60203
E-Mail : baaz.burj@gmail.com

2011

## ਸਮਰਪਣ

ਆਪਣੇ ਪੂਜਨੀਕ ਪਿਤਾ ਕੈਪਟਨ ਮੇਵਾ ਸਿੰਘ,
ਮਾਤਾ ਜਸਵਿੰਦਰ ਕੌਰ
ਅਤੇ
ਭੈਣ ਦਲਜੀਤ ਕੌਰ ਨੂੰ

## ਤਰਤੀਬ


ਗੁਆਚਿਆ ਮਨੁੱਖ
ਪਿਆਰੇ ਬਾਪੂ ਜੀ!
ਪੀੜ
ਤੇਰੇ ਬਿਨਾਂ
ਧੀ
ਘਰ
ਖ਼ੂਨਦਾਨ
ਉਡਾਰੀ
ਜੇ ਤੂੰ ਮੈਨੂੰ ਨਾ ਸਮਝਾਉਂਦੀ
ਮਾਂ ਦੀ ਕੁੱਖ 'ਚੋਂ ਧੀ ਦੀ ਪੁਕਾਰ
ਦਾਦੀ ਮਾਂ ਦੀਆਂ ਬਾਤਾਂ
ਮੈਂ ਕੀ ਬੋਲਾਂ
ਅੱਧ ਮੱਚੀਆਂ ਲਾਸ਼ਾਂ
ਮੌਜਾਂ
ਅੱਗ
ਸ਼ਬਦਾਂ ਦੀ ਜੰਗ
ਸੁਆਗਤ
ਲੱਗਦਾ ਜਿਵੇਂ ਤੂੰ....
ਵਗਦਾ ਦਰਿਆ
...ਤੂੰ ਬਖ਼ਸ਼ਣਹਾਰ
ਸਾਈਆਂ!
ਇਕ ਨੂਰ
ਮਾਂ
ਸ਼ੀਸ਼ਾ ਨਹੀਂ ਝੂਠ ਬੋਲਦਾ
ਮਜ਼ਬੂਰੀ
ਲੋਕਾਈ
ਤੁਰ ਗਏ
ਸ਼ੁਕਰੀਆ
ਆਸ
ਸਾਡਾ ਕੀ ਹੈ
ਨਸੀਹਤ-1
ਨਸੀਹਤ-2
ਗੇੜੇ
ਅੱਖੀਆਂ
ਨਫ਼ਰਤ
ਖੋਟਾ ਪੈਸਾ
ਕਰਜ਼ਦਾਰ
ਅਹਿਸਾਨਮੰਦ
ਪਿਆਰ
ਤਰਸ ਕਰੋ
ਤਪਸ਼
ਵਫ਼ਾਦਾਰ
ਦਿਲ
ਵੋਟ

## ਕੁਝ ਆਪਣੇ ਬਾਰੇ...

ਮੈਂ ਆਪਣੇ ਬਾਰੇ ਲਿਖਣ ਲੱਗਿਆ ਯਾਦ ਕਰਦਾ ਹਾਂ...ਖੇਤ ਵਿੱਚ ਕੰਮ ਕਰਦਿਆਂ ਉੱਚੀ-ਉੱਚੀ ਗੀਤ ਗਾਉਣੇ ਅਤੇ ਆਪਣੀਆਂ ਸਿਮਰਤੀਆਂ ਨੂੰ ਕੋਰੇ ਕਾਗ਼ਜ਼ਾਂ ਦੀ ਹਿੱਕ 'ਤੇ ਕੁਝ ਕਵਿਤਾ ਵਰਗਾ ਲਿਖਣਾ ਅਤੇ ਫਿਰ ਉਸ ਨੂੰ ਕਵਿਤਾ ਉਚਾਰਣ ਮੁਕਾਬਲਿਆਂ 'ਚ ਬੋਲਣ ਦੀ ਤਾਂਘ ਪ੍ਰਗਟ ਕਰਨੀ ਮੇਰਾ ਸ਼ੌਕ ਰਿਹਾ। ਮੇਰੀ ਕਵਿਤਾ ਲਈ ਉਤਸ਼ਾਹ ਮੇਰੀ ਸਤਿਕਾਰਤ ਅਧਿਆਪਕਾ ਕੁਲਵੰਤ ਕੌਰ ਦਾ ਰਿਹਾ ਕਿਉਂਕਿ ਮੈਂ ਉਨ੍ਹਾਂ ਦੀ ਪ੍ਰੇਰਨਾ ਸਦਕਾ ਕਵਿਤਾ ਲਿਖਣ ਮੁਕਾਬਲਿਆਂ 'ਚ ਵੀ ਭਾਗ ਲੈਂਦਾ ਰਿਹਾ, ਜਿਨ੍ਹਾਂ 'ਚੋਂ ਕਈ ਪੁਰਸਕਾਰ ਹਾਸਿਲ ਕੀਤੇ। ਮੈਡਮ ਕੁਲਵੰਤ ਕੌਰ ਨੇ ਮੈਨੂੰ ਬਹੁਤ ਸਾਰੀਆਂ ਕਿਤਾਬਾਂ ਪੜ੍ਹਾਈਆਂ, ਜਿਸ ਕਾਰਨ ਪੁਸਤਕਾਂ ਪੜ੍ਹਨ ਤੇ ਸਾਹਿਤ ਸਿਰਜਣ ਦੀ ਮੇਰੀ ਰੁਚੀ ਵਿਚ ਪ੍ਰਪੱਕਤਾ ਆਈ। ਸੁਖਵਿੰਦਰ ਸਿੰਘ ਸੰਗਤਪੁਰਾ, ਉਸਨੇ ਮੈਨੂੰ ਹਮੇਸ਼ਾ ਕਾਵਿ-ਸੰਗ੍ਰਹਿ ਛਪਵਾਉਣ ਦੀ ਸਲਾਹ ਦਿੱਤੀ। ਅੱਜ ਮੈਂ ਮੈਡਮ ਕੁਲਵੰਤ ਕੌਰ ਅਤੇ ਸੁਖਵਿੰਦਰ ਸਿੰਘ ਨੂੰ ਯਾਦ ਕਰਦਾ ਹੋਇਆ ਮਹਿਸੂਸ ਕਰ ਰਿਹਾ ਹਾਂ ਕਿ ਇਹ ਉਪਰਾਲਾ ਉਨ੍ਹਾਂ ਦੀ ਬਦੌਲਤ ਸਫ਼ਲ ਹੋਇਆ। ਮੇਰੇ ਮਾਤਾ-ਪਿਤਾ ਅਤੇ ਮੇਰੀ ਭੈਣ ਨੇ ਹਮੇਸ਼ਾ ਮੇਰੀ ਕਾਵਿ-ਸਿਰਜਣਾ ਸਮੇਂ ਮੇਰਾ ਸਾਥ ਦਿੱਤਾ ਅਤੇ ਕਿਹਾ ਕਿ ਮੈਂ ਕੁਝ ਜ਼ਿੰਦਗੀ 'ਚ ਕਰ ਵਿਖਾਵਾਂ ਅਤੇ ਅੱਗੇ ਵਧਾਂ। 'ਗੁਆਚਿਆ ਮਨੁੱਖ' ਮੇਰੀ ਪਲੇਠੀ ਕਾਵਿ ਕਿਤਾਬ ਹੈ। ਇੱਕ ਮੇਰਾ ਹੋਰ ਸਤਿਕਾਰਤ ਵੱਡਾ ਵੀਰ ਤੇਜਿੰਦਰ ਮਾਰਕੰਡਾ, ਜਿਸਦਾ ਮੈਂ ਬਹੁਤ ਧੰਨਵਾਦੀ ਹਾਂ, ਜਿਸਨੇ ਇਸ ਕਿਤਾਬ ਨੂੰ ਛਪਵਾਉਣ 'ਚ ਮੇਰਾ ਸਾਥ ਦਿੱਤਾ। ਇਸ ਵਿਚ ਕਵਿਤਾ ਹੈ ਜਾਂ ਨਹੀਂ, ਇਸਦਾ ਲੱਖਣ ਤਾਂ ਮੇਰੇ ਪਾਠਕ ਜਾਂ ਆਲੋਚਕ ਹੀ ਲਾਉਣਗੇ ਕਿ ਮੇਰਾ ਇਹ ਨਿਮਾਣਾ ਜਿਹਾ ਯਤਨ ਕਿੰਨਾ ਕੁ ਸਫ਼ਲ ਰਿਹਾ।

–ਤੇਜਿੰਦਰ ਸਿੰਘ ਬਾਜ

## ਧੰਨਵਾਦ

ਮੈਂ ਡਾਕਟਰ ਏ.ਸੀ. ਵੈਦ ਪ੍ਰਿੰਸੀਪਲ ਜੀ.ਜੀ.ਡੀ. ਐੱਸ.ਡੀ. ਕਾਲਜ ਚੰਡੀਗੜ੍ਹ 32C ਦਾ ਬਹੁਤ ਅਭਾਰੀ ਹਾਂ, ਜਿਨ੍ਹਾਂ ਸਦਕਾ ਮੇਰਾ ਸਾਹਿਤਿਕ ਸਫ਼ਰ ਵਧਿਆ-ਫੁੱਲਿਆ। ਉਨ੍ਹਾਂ ਦੀ ਸੁਚੱਜੀ ਅਗਵਾਈ ਅਤੇ ਮੇਰੇ ਜੀਵਨ ਦੇ ਮੂਲ ਉਦੇਸ਼ਾਂ ਦਾ ਪ੍ਰੇਰਕ ਬਣ ਕੇ ਉਹ ਮੇਰੇ ਸਿੱਖਿਆ ਅਤੇ ਸਾਹਿਤਕ ਖੇਤਰ ਵਿਚ ਵਿਚਰੇ, ਜਿਨ੍ਹਾਂ ਦਾ ਮੈਂ ਹਮੇਸ਼ਾ ਰਿਣੀ ਰਹਾਂਗਾ। ਉਨ੍ਹਾਂ ਦੀ ਮਿਹਰਬਾਨੀ ਭਰੀ ਮੁਹੱਬਤ ਦਾ ਮੈਥੋਂ ਕਰਜ਼ ਨਹੀਂ ਉਤਾਰਿਆ ਜਾਣਾ। ਆਪਣੀ ਪਲੇਠੀ ਕਿਤਾਬ ਵਿਚ ਉਨ੍ਹਾਂ ਦਾ ਧੰਨਵਾਦ ਕਰਦਾ ਹਾਂ।

*-ਤੇਜਿੰਦਰ ਸਿੰਘ ਬਾਜ*

# ਗੁਆਚੇ ਮਨੁੱਖ ਦਾ ਅਸਤਿਤਵ ਤਲਾਸ਼ਦੀ ਕਵਿਤਾ

ਕਵਿਤਾ ਮਨੁੱਖੀ ਅਨੁਭਵ ਅਤੇ ਕੁਦਰਤੀ ਵਰਤਾਰਿਆਂ ਦਾ ਸੁਹਜ ਆਤਮਕ ਰੂਪਾਂਤ੍ਰਣ ਹੋਇਆ ਕਰਦੀ ਹੈ, ਜਿਸ ਵਿਚ ਕਵੀ ਦੀ ਵਿਚਾਰਧਾਰਾ ਅਤੇ ਸਮਕਾਲੀ ਸਭਿਆਚਾਰ ਦਾ ਬਿਰਤਾਂਤ ਵੀ ਸ਼ਾਮਿਲ ਹੁੰਦਾ ਹੈ। ਦਰਅਸਲ ਕਵਿਤਾ ਇਕ ਅਜਿਹੀ ਸੁਹਜਾਤਮਕ ਕਿਰਤ ਦੀ ਹੁੰਦੀ ਹੈ ਜਿਸ ਵਿਚੋਂ ਆਨੰਦ ਵੀ ਪ੍ਰਾਪਤ ਹੁੰਦਾ ਹੈ ਅਤੇ ਗਿਆਨ ਵੀ। ਇਹ ਆਨੰਦ ਅਤੇ ਗਿਆਨ ਤਾਂ ਹੀ ਅਸਰਅੰਦਾਜ਼ ਹੁੰਦਾ ਹੈ ਜੇ ਕਵਿਤਾ ਵਿਚ ਸੰਗੀਤਕ ਲੈ ਹੋਵੇ ਅਤੇ ਕਵਿਤਾ ਕਾਵਿਕ ਗੁਣਾਂ ਨਾਲ ਭਰਪੂਰ ਹੁੰਦੀ ਹੋਈ ਪਾਠਕ ਦੇ ਕੁਝ ਪਿੜ ਪੱਲੇ ਪਾਉਂਦੀ ਹੋਵੇ, ਨਹੀਂ ਤਾਂ ਬਹੁਤੀ ਲਿਖੀ ਜਾ ਰਹੀ ਕਵਿਤਾ ਉਤੇ 'ਅਕਵਿਤਾ' ਹੋਣ ਦੇ ਦੋਸ਼ ਲਗਦੇ ਹਨ ਕਿਉਂਕਿ ਅਜਿਹੀ ਰਚੀ ਗਈ ਕਵਿਤਾ ਵਾਸਤਵਿਕ ਜਗਤ ਨਾਲੋਂ ਟੁੱਟ ਕੇ ਬੌਧਿਕ ਆਡੰਬਰ ਅਤੇ ਕਾਲਪਨਿਕ ਜਗਤ ਨਾਲ ਜਾ ਕਲੰਘੜੀ ਪਾਉਂਦੀ ਹੈ। ਇਸ ਦਾ ਅਰਥ ਇਹ ਨਹੀਂ ਕਿ ਕਾਵਿ ਵਿਚੋਂ ਕਲਪਨਾ ਤੇ ਬੌਧਿਕਤਾ ਨੂੰ ਖਾਰਜ ਕੀਤਾ ਜਾਣਾ ਚਾਹੀਦਾ ਹੈ। ਬੌਧਿਕਤਾ ਅਤੇ ਕਲਪਨਾ ਵਾਸਤਵਿਕਤਾ ਨਾਲੋਂ ਵੀ ਸੁੰਦਰ ਹੋ ਸਕਦੀ ਹੈ ਪਰ ਸਵਾਲ ਸੰਰਚਣਾ ਵਿਧੀ ਦਾ ਹੈ ਕਿ ਤੁਹਾਡੀ ਕਾਵਿ-ਉਡਾਰੀ ਪਾਠਕ ਦੀ ਪਕੜ ਵਿਚ ਆਉਂਦੀ ਹੈ ਜਾਂ ਨਹੀਂ।

ਜਦੋਂ ਅਸੀਂ ਇਸ ਸੰਦਰਭ ਵਿਚ ਤੇਜਿੰਦਰ ਸਿੰਘ ਬਾਜ ਦੀ ਕਵਿਤਾ ਨੂੰ ਨਿਰਖਦੇ-ਪਰਖਦੇ ਹਾਂ ਤਾਂ ਇਹ ਗੱਲ ਨਿਖਰ ਕੇ ਸਾਹਮਣੇ ਆਉਂਦੀ ਹੈ ਕਿ ਕਵੀ ਦੀ ਕਵਿਤਾ ਦੀ ਵਿਆਖਿਆਤਮਕ ਸ਼ਕਤੀ ਸਮਾਜਿਕ ਜੀਵਨ 'ਚੋਂ ਉਤਪਨ ਹੋਈ ਹੈ। 'ਗੁਆਚਿਆ ਮਨੁੱਖ' ਅਸਲੋਂ ਹੀ ਨਵੇਂ ਉਭਰਦੇ ਕਵੀ ਦੀ ਪਹਿਲੀ ਕਾਵਿ-ਕਿਤਾਬ ਹੋਣ ਕਰਕੇ ਇਸ ਵਿਚ ਕਈ ਕਾਵਿਕ ਦੋਸ਼ ਅਤੇ ਅਨੁਭਵ ਦੀ ਊਣਤਾਈ ਜਾਂ ਕਚਿਆਈ ਤਾਂ ਹੋ ਸਕਦੀ ਹੈ ਪਰ ਅੱਜ ਜਿੰਨ੍ਹਾਂ ਸਮੱਸਿਆਵਾਂ ਦਾ ਅਜੋਕੇ ਮਨੁੱਖ ਨੂੰ ਸਾਹਮਣਾ ਕਰਨਾ ਪੈ ਰਿਹਾ ਹੈ, ਉਸ ਪ੍ਰਤੀ ਕਵੀ ਦੀ ਤਿੱਖੀ ਨੀਝ ਅਤੇ ਸਭਿਆਚਾਰਕ ਰੀਝ ਵੀ ਹੈ ਜਿਸ ਨੂੰ ਸੁਹਿਰਦਤਾ ਨਾਲ ਉਸਨੇ ਸੰਭਾਲਿਆ ਅਤੇ ਵਿਸਥਾਰ ਦਿੱਤਾ ਹੈ। ਕਵੀ ਨੇ ਆਪਣੇ ਨਿਰੰਤਰ ਅਨੁਭਵ ਨਾਲ ਸਮਕਾਲ ਨੂੰ ਆਪਣੀ ਕਵਿਤਾ ਨਾਲ ਜੋੜਿਆ ਹੈ। ਕਵੀ ਪਾਠਕ ਨੂੰ ਉਨ੍ਹਾਂ ਸਰੋਕਾਰਾਂ ਦੀ ਪਛਾਣ ਕਰਵਾਉਂਦਾ ਹੈ ਜਿਨ੍ਹਾਂ ਨੂੰ ਅਸੀਂ ਸਾਰੇ ਮਹਿਸੂਸ ਕਰਦੇ ਹਾਂ ਅਤੇ ਜਾਣਦੇ ਹਾਂ ਕਿ ਇਹ ਪਤਨਸ਼ੀਲ ਸਾਂਸਕ੍ਰਿਤਕ ਸਥਿਤੀਆਂ ਹਨ।

ਇਸ ਪੁਸਤਕ ਦੀ ਪ੍ਰਥਮ ਕਵਿਤਾ ਵਿਚੋਂ ਹੀ ਸਭਿਆਚਾਰਕ ਵਿਗੋਚਾ ਅਤੇ ਵਿਰਸੇ ਪ੍ਰਤੀ ਹੇਰਵਾ ਸਪੱਸ਼ਟ ਝਲਕਦਾ ਹੈ ਜਦੋਂ ਕਵੀ ਗੁਆਚੇ ਮਨੁੱਖ

ਨੂੰ ਪ੍ਰਭਾਸ਼ਤ ਕਰਦਾ ਹੋਇਆ ਸਾਡੇ ਸਮਾਜ 'ਚੋਂ ਮਨਫ਼ੀ ਹੋ ਰਹੀ ਸਭਿਆਚਾਰਕ ਚੇਤਨਾ ਨੂੰ ਕਾਵਿ-ਰੂਪ ਵਿਚ ਢਾਲਦਾ ਹੈ, ਇਹ ਨਜ਼ਮ ਪਾਠਕ ਨੂੰ ਵਿਵੇਕ ਦਿੰਦੀ ਹੈ। ਚੰਗੇ ਸਾਹਿਤਕਾਰ ਦੀ ਇਹ ਖ਼ੂਬੀ ਹੋਇਆ ਕਰਦੀ ਹੈ ਕਿ ਉਹ ਗੈਰ ਜ਼ਰੂਰੀ ਲੋੜ ਨਾਲੋਂ ਜ਼ਰੂਰੀ ਦਾ ਨਿਖੇੜਾ ਕਰੇ। ਇਹ ਖ਼ੂਬੀ ਇਸ ਸ਼ਾਇਰ ਵਿਚੋਂ ਭਾਲੀ ਜਾ ਸਕਦੀ ਹੈ ਕਿਉਂਕਿ ਉਸਦੀ ਕਲਪਨਾ ਸਮਾਜ ਵਿਚ ਪਣਪਦੇ ਬੁਨਿਆਦੀ ਮਸਲਿਆਂ ਨਾਲ ਸਮਝ ਦੀ ਸਾਂਝ ਪਾਉਂਦੀ ਹੈ-

ਗੁਆਚਿਆ ਮਨੁੱਖ
ਅੱਜ ਤਾਂ ਖ਼ੁਦਕੁਸ਼ੀ ਨੂੰ
ਦੁੱਖਾਂ ਦਾ ਅੰਤ ਸਮਝ ਬੈਠਾ
ਤਾਂ ਹੀ ਧੜਾਧੜ
ਖ਼ੁਦਕੁਸ਼ੀਆਂ ਕਰੀ ਜਾਂਦੈ
ਜੇਕਰ ਤੈਨੂੰ ਉਹ
ਗੁਆਚਿਆ ਮਨੁੱਖ ਮਿਲੇ
ਤਾਂ ਉਹਨੂੰ ਕਹੀਂ ਕਿ
ਅਤੀਤ ਤੋਂ ਸਿੱਖਿਆ ਲੈ ਕੇ
ਅੱਗੇ ਵਧੇ
ਤੇ ਵੱਧਦਾ ਰਹੇ।

ਸ਼ਾਇਰ ਕਿਸਾਨ ਅਤੇ ਪੀੜਤ ਮਨੁੱਖ ਦੇ ਦਰਦ ਦਾ ਮਾਰਿਆ ਹੋਇਆ ਹੈ। ਇਸ ਲਈ ਉਹ ਨਿਰਪੱਖ ਨਹੀਂ ਰਹਿ ਸਕਿਆ। ਦੁਖੀਆਂ ਦੇ ਹਿਤ ਨਾਲ ਹਮਦਰਦੀ ਜਿਤਾਉਣਾ ਕੁਦਰਤੀ ਹੈ ਕਿਉਂਕਿ ਕਵੀ ਦੀ ਲਗਨ ਹੀ ਮਾਨਵਤਾ ਦੇ ਦੁੱਖਾਂ ਦੀ ਜ਼ਹਿਰ ਨੂੰ ਡੀਕ ਲਾ ਕੇ ਪੀ ਜਾਣ ਦੀ ਹੈ:

ਚੰਮ ਦੀ ਲਾਸ਼ ਨੂੰ
ਮੋਢਿਆਂ ਤੇ ਮੁਰਦਾਘਾਟ ਵਿਚ
ਸੁੱਟਣ ਵਾਲਾ
ਚਿਹਰਾ ਵੀ ਤੇਰਾ ਦਿਲ ਦੁਖਾਉਂਦਾ ਹੈ।

ਇਸੇ ਤਰ੍ਹਾਂ ਦੀ ਪੀੜ ਦੇ ਨਕਸ਼ ਉਸ ਦੀ ਨਜ਼ਮ 'ਪੀੜ' ਵਿਚੋਂ ਵੀ ਨਜ਼ਰ ਆਉਂਦੇ ਹਨ ਤੇ ਇਹ ਨਕਸ਼ ਆਪਣੇ ਸਮੇਂ ਦੇ ਲੋਕਾਂ ਦੇ ਸੰਕਟ ਨੂੰ ਹਰਨ ਦੇ ਉਪਰਾਲੇ ਵੀ ਲਗਦੇ ਹਨ। ਇਥੇ ਕਵੀ ਬਦੀ ਦਾ ਵੈਰੀ ਅਤੇ ਨੇਕੀ ਦਾ ਹਮਾਇਤੀ ਹੈ। ਕਵੀ ਨੇ ਸਮਕਾਲੀ ਯਥਾਰਥ ਵਿਚੋਂ ਇਸ 'ਕਾਵਿਕ ਸੱਚ' ਦੀ ਭਾਲ ਕੀਤੀ ਹੈ।

ਕਵੀ ਦੀ ਮੁੱਖ ਸੁਰ ਪ੍ਰਗਤੀਵਾਦੀ ਹੈ ਜੋ ਮਨੁੱਖਤਾ ਦੇ ਕਲਿਆਣ ਪ੍ਰਤੀ ਪ੍ਰਤੀਬੱਧ ਹੈ। 'ਧੀ' ਅਤੇ 'ਧੀ ਦੀ ਪੁਕਾਰ' ਅਜਿਹੀਆਂ ਕਾਵਿਤਾਵਾਂ ਹਨ, ਜਿੰਨਾਂ ਵਿਚ ਸਮਾਜਿਕ ਬੁਰਾਈ 'ਭਰੂਣ-ਹੱਤਿਆ' ਦੀ ਗੱਲ ਕੀਤੀ ਗਈ ਹੈ। ਇਨ੍ਹਾਂ ਕਵਿਤਾਵਾਂ ਵਿਚ ਪੇਟ ਵਿਚ ਪਲਦੀ ਧੀ ਦੀ ਪੁਕਾਰ ਹੈ ਜੋ ਸਮਾਜ ਨੂੰ ਲੜਕੀ ਦੇ ਮਹੱਤਵ ਅਤੇ ਉਸਦੀ ਹੋਂਦ ਦੀ ਜ਼ਰੂਰਤ ਪ੍ਰਤੀ ਚੇਤਨਾ ਪੈਦਾ ਕਰਦੀ ਹੈ।

ਨਾ ਮਾਰ, ਨਾ ਮਾਰ ਨਿਮਾਣੀ ਧੀ ਨੂੰ
ਹੱਥ ਰੋਕ ਬਾਬਲਾ ਵੇ
ਮੇਰੀਆਂ ਸੱਧਰਾਂ ਕਈ ਹਜ਼ਾਰ
ਤੇ ਕੁਝ ਸੋਚ ਬਾਬਲਾ ਵੇ

ਤੇਜਿੰਦਰ ਸਿੰਘ ਬਾਜ ਨੇ ਆਪਣੇ ਵਿਚਾਰਧਾਰਕ ਪਰਿਪੇਖਾਂ ਵਿਚ ਵਰਗ ਸਮਾਜ ਦੀ ਅਸੰਤੁਲਤ ਜ਼ਿੰਦਗੀ ਤੇ ਸ਼ੋਸਣ ਪ੍ਰਤੀ ਤਿੱਖੇ ਰੋਸ ਨੂੰ ਆਪਣਾ ਰਚਨਾਤਮਕ ਸੂਤਰ ਬਣਾਇਆ ਹੈ। 'ਅਰਥ' ਅਤੇ 'ਰੁਮਾਂਸ' ਦੋਵਾਂ ਪੱਧਰਾਂ 'ਤੇ ਹੀ ਕਵੀ ਨੇ ਅਜੋਕੇ ਪਦਾਰਥਵਾਦੀ ਯੁੱਗ ਵਿਚ ਮਨੁੱਖੀ ਰਿਸ਼ਤਿਆਂ ਦੀ ਟੁੱਟ-ਭੱਜ ਨੂੰ ਵੀ ਬਾਖ਼ੂਬੀ ਆਪਣੀਆਂ ਨਜ਼ਮਾਂ ਦੀ ਵਸਤੂ ਬਣਾਇਆ ਹੈ। 'ਘਰ' 'ਉਡਾਰੀ,' 'ਦਾਦੀ ਮਾਂ ਦੀਆਂ ਬਾਤਾਂ' 'ਸ਼ਬਦਾਂ ਦੀ ਜੰਗ' ਆਦਿ ਅਜਿਹੀਆਂ ਕਵਿਤਾਵਾਂ ਹਨ ਜੋ ਕਵੀ ਦੇ ਉਦੇਸ਼ਾਂ ਨੂੰ ਸਪੱਸ਼ਟ ਕਰਦੀਆਂ ਹਨ। ਅਸੀਂ ਜਾਣਦੇ ਹਾਂ ਕਿ ਹਰ ਮਨੁੱਖ ਜਿਨ੍ਹਾਂ ਪਰਸਥਿਤੀਆਂ ਨੂੰ ਭੋਗਦਾ ਹੈ, ਓਹੀ ਉਸਦੀ ਚਿੰਤਾ ਅਤੇ ਚਿੰਤਨ ਬਣ ਉਘੜਦੀਆਂ ਹਨ। ਕਵੀ ਦੇ ਅੰਦਰਲੇ ਅਹਿਸਾਸ ਬਾਹਰਲੀਆਂ ਸਥਿਤੀਆਂ ਨਾਲ ਟਕਰਾਉਂਦੇ ਹਨ-

ਕਦੀ ਦਿੱਲੀ ਬਲਦੀ ਏ
ਕਦੇ ਗੁਜਰਾਤ ਮਚਦਾ ਏ
.....
ਜੇ ਖ਼ੂਨ ਇਕ ਹੁੰਦਾ ਏ
ਫਿਰ ਕਿਉਂ ਸਿੱਖ ਕਹਿਕੇ
ਹਿੰਦੂ ਕਹਿ ਕੇ
ਸਾਂਝੇ ਸਮਾਜ ਤੋਂ
ਤੋੜ ਰਹੇ ਨੇ ਸਿਆਸੀ ਲੋਕ

ਇਸੇ ਕਰਕੇ 'ਗੁਆਚੇ ਮਨੁੱਖ' ਦੀਆਂ ਕਵਿਤਾਵਾਂ ਵਿਚ ਵਿਦਰੋਹ ਅਤੇ ਆਕ੍ਰੋਸ਼ ਹੈ। ਪੰਜਾਬੀ ਵਿਰਸੇ ਦੇ ਗੁੰਮ ਹੋ ਜਾਣ 'ਤੇ ਘਨੇਰੀ ਫ਼ਿਕਰਮੰਦੀ ਨੂੰ ਜ਼ਾਹਰ ਕਰਦੇ ਕਾਵਿ ਖ਼ਿਆਲ ਹਨ। ਕਵੀ ਸਮਝਦਾ ਹੈ ਕਿ ਪੰਜਾਬ ਦੀਆਂ ਪੁਰਾਤਨ ਕਦਰਾਂ ਕੀਮਤਾਂ ਵਿਚ ਅਪਣੱਤ, ਮੋਹ, ਭਾਈਚਾਰਕ ਸਾਂਝ ਅਤੇ ਰਿਸ਼ਤਿਆਂ ਵਿਚ ਮੁਹੱਬਤ ਆਪਣਾਪਣ ਅਤੇ ਨੈਤਿਕਤਾ ਹੋਇਆ ਕਰਦੀ ਸੀ। ਉਸਦੇ ਮੁਕਾਬਲੇ ਕਵੀ ਅਜੋਕੀਆਂ ਸਮਾਜਕ ਕਦਰਾਂ ਕੀਮਤਾਂ ਨੂੰ ਤੁੱਛ ਗਿਣਦਾ ਹੈ। ਕਵੀ ਨੇ ਦੇਸ਼ ਅੰਦਰ ਫੈਲ ਰਹੀ ਸੰਪਰਦਾਇਕਤਾ, ਅਰਾਜਕਤਾ ਅਤੇ ਧਰਮ ਦੇ ਅਧਾਰਾਂ 'ਤੇ ਫੈਲਾਈ ਜਾ ਰਹੀ ਨਫ਼ਰਤ ਨੂੰ ਵੀ ਦੇਸ਼ ਲਈ ਘਾਤਕ ਦੱਸਿਆ ਹੈ। ਦਿੱਲੀ ਦੇ ਫਸਾਦ, ਗੁਜਰਾਤ ਦੇ ਦੰਗੇ, ਪੰਜਾਬ ਵਿਚ ਆਤੰਕਵਾਦ ਦੇ ਦੌਰ ਦੀਆਂ ਦਿਲ ਕੰਬਾਊ ਤੇ ਮੰਦਭਾਗੀਆਂ ਘਟਨਾਵਾਂ ਦੇ ਖੁਲਾਸੇ ਵੀ ਕੀਤੇ ਹਨ।

ਮਸਜਿਦ ਦੀ ਥਾਂ
ਮੰਦਰ ਬਣਾਉਣ ਵਾਲਿਓ
ਕਦੇ ਦਿੱਲੀ 'ਚ ਦੰਗੇ

ਕਦੇ ਗੁਜਰਾਤ 'ਚ ਪੰਗੇ
ਦੱਸੋ ਕਿੱਥੇ ਕਿੱਥੇ
ਹੋਰ ਕੀ ਕੁਝ ਕਰਵਾਉਗੇ
ਦੱਸੋ ਭਾਈਆਂ ਹੱਥੋਂ
ਕਦੋਂ ਤੱਕ ਭਾਈ ਮਰਵਾਉਗੇ

ਇਸ ਸੰਗ੍ਰਹਿ ਦੀਆਂ ਕਵਿਤਾਵਾਂ ਵਿਚ ਅੱਜ ਦੇ ਨੌਜਵਾਨ ਦੇ ਦੇਸ਼ ਦੀ ਮੁੱਖ-ਧਾਰਾ ਨਾਲੋਂ ਨਿਖੜ ਕੇ ਨਸ਼ਿਆਂ ਵੱਲ ਰੁਝਾਨ ਹੋਣਾ, ਧੀਆਂ ਦੇ ਵਿਆਹ ਖ਼ਾਤਰ ਕਿਸਾਨ ਦਾ ਕਰਜ਼ਈ ਹੋ ਕੇ ਫਾਹਾ ਲੈਣਾ, ਧੀ ਦੀ ਡੋਲੀ ਤੋਰਨ ਦੀ ਥਾਂ ਉਸਨੂੰ ਕੁੱਖ ਵਿਚ ਹੀ ਖ਼ਤਮ ਕਰਨਾ, ਦਾਜ ਅਤੇ ਹੋਰ ਇਸ ਤਰ੍ਹਾਂ ਦੀਆਂ ਅਨੇਕਾਂ ਸਮਾਜਿਕ ਬੁਰਾਈਆਂ ਦਾ ਨਿੰਦਕ ਬਣ ਕੇ ਇਸਦੇ ਸਮਾਧਾਨ ਲਈ ਵੀ ਸੁਝਾਅ ਪੇਸ਼ ਕੀਤੇ ਹਨ। 'ਧੀ ਦੀ ਪੁਕਾਰ' ਕਵਿਤਾ ਵਿਚ ਕਵੀ ਔਰਤ ਦੀ ਮਹੱਤਤਾ ਦਾ ਜ਼ਿਕਰ ਕਰਦਾ ਹੋਇਆ ਆਖਦਾ ਹੈ :

ਮਾਂ! ਮੈਂ ਵੀ 'ਕਲਪਨਾ ਚਾਵਲਾ' ਵਾਂਗ
ਅਸਮਾਨ ਵਿਚ ਉੱਚੀਆਂ
ਉਡਾਰੀਆਂ ਮਾਰਾਂਗੀ
ਮੈਂ ਤਾਂ 'ਮਦਰ ਟਰੇਸਾ' ਵਾਂਗ
ਇਕ ਸਦਭਾਵਨਾ ਕੈਂਪ ਖੋਲ੍ਹਾਂਗੀ

ਤੇਜਿੰਦਰ ਸਿੰਘ ਬਾਜ ਦੀਆਂ ਕਵਿਤਾਵਾਂ ਵਿਚੋਂ ਉਸਦੀ ਸਰਲ ਸਹਿਜ ਸੁਭਾਅ ਵਾਲੀ ਸ਼ੈਲੀ ਹੈ, ਜਿਸਦੀ ਪਹੁੰਚ ਪਾਠਕ ਦੀ ਮਾਨਸਕ ਪੱਧਰ ਤੱਕ ਜਾਣ ਦੀ ਹੈ। ਕਈ ਕਵਿਤਾਵਾਂ ਵਿਚ ਕੁਦਰਤ ਦੇ ਕਮਾਲ ਦਾ ਮਾਨਵੀਕਰਨ ਵੀ ਕੀਤਾ ਗਿਆ ਹੈ।

ਦਰਿਆਵਾਂ ਦਿਆ ਪਾਣੀਆਂ
ਮੇਰੇ ਹਾਣ ਦਿਆ ਹਾਣੀਆਂ
ਤੇਰਾ ਵਗਣਾ ਮੈਨੂੰ
ਬੜਾ ਹੀ ਮਨਮੋਹਣਾ ਲਗਦਾ ਏ
ਤੇਰੀਆਂ ਛੱਲਾਂ 'ਚ ਮੈਨੂੰ
ਕਿਸੇ ਸ਼ਾਇਰ ਦੀ ਸ਼ਾਇਰੀ
ਨਜ਼ਰ ਆਉਂਦੀ ਏ
ਤੇਰੀ ਹਰ ਲਹਿਰ
ਕੋਈ ਨਵਾਂ ਗੀਤ ਗਾਉਂਦੀ ਏ

ਤੇਜਿੰਦਰ ਸਿੰਘ ਬਾਜ ਦਾ ਇਹ ਕਾਵਿ-ਸੰਕਲਨ 'ਗੁਆਚਿਆ ਮਨੁੱਖ' ਉਸਦੇ ਵਿਰਾਸਤੀ ਆਪੇ ਦੀ ਨਿਸ਼ਾਨਦੇਹੀ ਕਰਦਾ ਹੋਇਆ ਪਿੰਡ ਦੀ ਰਹਿਤਲ ਅਤੇ ਸਭਿਆਚਾਰ ਨੂੰ ਨਹੀਂ ਭੁਲਦਾ। 'ਖ਼ੂਨਦਾਨ' ਅਤੇ 'ਮੈਂ ਕੀ ਬੋਲਾਂ' ਵਰਗੀਆਂ ਕਵਿਤਾਵਾਂ ਵਿਚ ਵਿਅੰਗ ਅਤੇ ਤਨਜ਼ ਭਾਰੂ ਹੈ ਜਿਸ ਵਿਚ 84 ਦੇ ਦੰਗਿਆਂ ਅਤੇ ਸਾਡੀ 'ਚੋਣ-ਪ੍ਰਣਾਲੀ' ਦੇ ਨਾਲ-ਨਾਲ ਸਾਡੇ ਸਿਆਸੀ ਆਗੂਆਂ ਨੂੰ

ਬੇਨਕਾਬ ਕੀਤਾ ਗਿਆ ਹੈ। ਕਵਿਤਾਵਾਂ ਵਿਚਲੇ ਵਿਸ਼ੇ ਸਮਾਜ ਦੇ ਭਖਵੇਂ ਮਸਲੇ ਹਨ, ਜਿਨ੍ਹਾਂ ਨੂੰ ਸਰਲ ਤੇ ਰੌਚਿਕ ਭਾਸ਼ਾ ਵਿਚ ਕਵਿਤਾਇਆ ਗਿਆ ਹੈ। ਤੇਜਿੰਦਰ ਸਿੰਘ ਬਾਜ ਦੇ ਇਸ ਪਲੇਠੇ ਕਾਵਿ-ਸੰਗ੍ਰਹਿ ਦੀ ਕਵਿਤਾ ਨੂੰ ਜੀ ਆਇਆ, ਜੋ ਅਜੋਕੇ ਮਨੁੱਖ ਦੇ ਅਸਤਿਤਵ ਨੂੰ ਤਲਾਸ਼ਦੀ ਹੈ।

ਕਵਿਤਾ ਮਾਰਗ *-ਸੀ. ਮਾਰਕੰਡਾ*
ਤਪਾ ਮੰਡੀ (ਬਰਨਾਲਾ)
ਮੋਬਾਇਲ : 94172-72161
ਜੁਲਾਈ 1, 2011

## ਗੁਆਚਿਆ ਮਨੁੱਖ

ਜਿਹੜਾ ਵਾਰਾਂ ਗਾਉਂਦਾ ਸੀ
ਨਾਅਰੇ ਲਾਉਂਦਾ ਸੀ
ਕਬੱਡੀ ਪਾਉਂਦਾ ਸੀ
ਲਗਦਾ ਉਹ ਮਨੁੱਖ ਗੁਆਚ ਗਿਆ

ਜਿਹੜਾ ਵਿਚ ਅਖਾੜੇ
ਜ਼ੋਰ ਲਗਾਉਂਦਾ ਸੀ
ਵੈਰੀ ਦੀ ਹਰ ਭਾਜੀ
ਮੋੜ ਵਿਖਾਉਂਦਾ ਸੀ
ਅੱਜ ਤਾਂ ਉਹ
ਨਸ਼ਿਆਂ ਦੇ ਸਾਗਰ ਵਿਚ
ਡੁੱਬ ਚੱਲਿਆ ਐ
ਅੱਜ ਕਿਤੇ ਦਿਸਦਾ ਨਹੀਂ
ਉਹ ਮਨੁੱਖ

ਗੁਆਚੇ ਮਨੁੱਖ ਨੂੰ
ਫ਼ਿਕਰ ਹੈ
ਧੀਆਂ ਵਿਆਹੁਣ ਦਾ
ਕਰਜ਼ਾ ਚੁੱਕ ਦਾਜ
ਬਣਾਉਣ ਦਾ
ਤਾਂਹੀਂ ਫ਼ਿਕਰਾਂ
ਵਿਚ ਰੁਲ਼ ਗਿਐ
ਲੂਣ ਦੀ
ਡਲ਼ੀ ਵਾਂਗ ਘੁਲ ਰਿਹੈ
ਤਾਂ ਹੀ ਤਾਂ ਅੱਜ ਲੱਭਦਾ ਨਹੀਂ
ਸੂਰਬੀਰਾਂ ਵਾਂਗ ਗਜਦਾ ਨਹੀਂ
ਲਗਦੈ ਉਹ ਮਨੁੱਖ ਗੁਆਚ ਗਿਆ

ਉਹ ਮਨੁੱਖ ਜਿਹੜਾ
ਧੀਆਂ ਨੂੰ ਪਿਆਰ ਕਰਦਾ ਸੀ
ਹਰ ਦੁੱਖੜਾ ਜਿੰਦ 'ਤੇ ਜਰਦਾ ਸੀ
ਜਿਹੜਾ ਯਾਰ ਦੀ
ਆਈ ਮਰਦਾ ਸੀ
ਲਗਦੈ ਉਹ ਮਨੁੱਖ ਗੁਆਚ ਗਿਐ

ਮੈਨੂੰ ਲੱਗਦੈ
ਗੁਆਚਿਆ
ਮਨੁੱਖ
ਨਾ ਧੀਆਂ ਨੂੰ
ਡੋਲੀ ਚਾੜ੍ਹਦਾ ਹੈ
ਉਹ ਤਾਂ ਅਣਜੰਮੀ
ਧੀ ਨੂੰ ਕੁੱਖ 'ਚ
ਮਾਰਦਾ ਹੈ

ਗੁਆਚਿਆ ਮਨੁੱਖ
ਅੱਜ ਤਾਂ
ਖ਼ੁਦਕੁਸ਼ੀ ਨੂੰ
ਦੁੱਖਾਂ ਦਾ ਅੰਤ
ਸਮਝ ਬੈਠਾ
ਤਾਂ ਹੀ ਧੜਾਧੜ
ਖ਼ੁਦਕੁਸ਼ੀਆਂ
ਕਰੀ ਜਾਂਦੈ
ਜੇਕਰ ਤੈਨੂੰ ਉਹ
ਗੁਆਚਿਆ ਮਨੁੱਖ ਮਿਲੇ
ਤਾਂ ਉਸ ਨੂੰ
ਕਹੀਂ ਕਿ
ਅਤੀਤ ਤੋਂ ਸਿੱਖਿਆ ਲੈ ਕੇ
ਅੱਗੇ ਵਧੇ
ਤੇ ਵਧਦਾ ਰਹੇ
✪

## ਪਿਆਰੇ ਬਾਪੂ ਜੀ !

ਮੇਰੇ ਪਿਆਰੇ ਬਾਪੂ ਜੀ !
ਮੈਨੂੰ ਲੱਗਦੇ
ਤੁਸੀਂ ਆਪਣੀ ਜਵਾਨੀ
ਗਰੀਬੀ ਦੇ ਹੜ੍ਹਾਂ 'ਚ
ਰੋੜ੍ਹ ਦਿੱਤੀ

ਉਹ ਗਰੀਬੀ ਦੇ
ਹੜ੍ਹਾਂ ਦਾ ਸੰਤਾਪ
ਤੁਹਾਡੇ ਸੀਨੇ ਅੰਦਰ
ਦੱਬਿਆ ਪਿਆ ਹੈ

ਤੇਰਾ ਉਹ
ਚੰਮ ਦੇ ਟੁਕੜਿਆਂ ਨਾਲ
ਬੀਤਿਆ ਬਚਪਨ
ਤੇ ਚੱਕ-ਚੱਕ ਟੋਕਰੇ
ਤੇਰਾ ਉੱਚੜਿਆ ਸਿਰ
ਲਗਦੈ
ਤੈਨੂੰ ਅੱਜ ਵੀ ਸਤਾਉਂਦਾ ਐ
ਤੇਰੇ ਸੁਪਨਿਆਂ ਵਿਚ ਆਉਂਦਾ ਹੈ

ਚੰਮ ਦੀ ਲਾਸ਼ ਨੂੰ
ਮੋਢਿਆਂ 'ਤੇ
ਮੁਰਦਘਾਟ ਵਿਚ
ਸੁੱਟਣ ਵਾਲਾ
ਚਿਹਰਾ ਵੀ ਤੇਰਾ
ਦਿਲ ਦੁਖਾਉਂਦਾ ਹੈ

ਤੇਰੇ ਉੱਪਰ
ਪਰਿਵਾਰ ਦੀ ਜ਼ਿੰਮੇਵਾਰੀ
ਬਹੁਤ ਜ਼ਿਆਦਾ ਸੀ
ਤਾਂ ਹੀ ਹਰ ਛੁੱਟੀ ਕੱਟ ਕੇ
ਜਾਣ ਤੋਂ ਬਾਅਦ
ਤੇਰੀ ਜੇਬ 'ਚ
ਫੁੱਟੀ ਕੌਡੀ ਨਹੀਂ ਬਚਦੀ ਸੀ

ਤੇਰਾ ਉਹ ਸਿਉਂ ਕੇ ਜੀਭ
ਘਰੇ ਪੈਸੇ ਭੇਜਣੇ
ਤੇਰੀ ਜ਼ਰੂਰੀ ਜ਼ਿੰਮੇਵਾਰੀ ਸੀ
ਤਾਂ ਹੀ ਤਾਂ ਮੇਰੇ ਪਿਆਰੇ ਬਾਪੂ ਜੀ
ਤੁਸੀਂ ਇਕੱਲੇ ਬਹਿ ਕੇ
ਇਹ ਸੋਚਦੇ ਹੋ
ਕਿ ਮੈਂ ਆਪਣੇ ਪਰਿਵਾਰ
ਲਈ ਕਿੰਨੀ ਘਾਲਣਾ ਕੀਤੀ ਐ

ਕੋਈ ਗੱਲ ਨ੍ਹੀਂ
ਪਿਆਰੇ ਬਾਪੂ ਜੀ
ਤੁਸੀਂ ਫ਼ਿਕਰ ਨਾ ਕਰੋ
ਮੈਂ ਤੁਹਾਡਾ
ਉਹ ਬਚਪਨ ਤੇ ਜਵਾਨੀ
ਤਾਂ ਨਹੀਂ ਮੋੜ ਸਕਦਾ
ਪਰ ਉਸ ਪ੍ਰਮਾਤਮਾ ਨੂੰ
ਹਾਜ਼ਿਰ-ਨਾਜ਼ਰ ਸਮਝ ਕੇ
ਆਖਦਾ ਹਾਂ
ਕਿ ਤੈਨੂੰ ਹਰ ਖ਼ੁਸ਼ੀ ਦੇਣ ਦੀ
ਮੈਂ ਕੋਸ਼ਿਸ਼ ਕਰਦਾ ਹਾਂ
ਤੇ ਕਰਦਾ ਰਹਾਂਗਾ

ਪਰ ਤੂੰ ਦਿਲ ਹੌਲ਼ਾ ਨਾ ਕਰ
ਮੈਂ ਤੇਰੇ ਅਤੀਤ ਨੂੰ ਚੇਤੇ
ਰੱਖ ਕੇ ਅੱਗੇ ਵਧਣ ਦੀ
ਕੋਸ਼ਿਸ਼ ਕਰਾਂਗਾ ਤੇ
ਅੱਗੇ ਵਧਾਂਗਾ।
✪

## ਪੀੜ

ਪਤਾ ਨਹੀਂ ਕੌਣ
ਮੈਨੂੰ ਪੀੜ ਤੋਹਫ਼ੇ ਵਿਚ ਦੇ ਗਿਆ
ਤਾਂ ਹੀ ਇਹ ਪਰਛਾਂਵੇ ਵਾਂਗ
ਮੇਰੇ ਨਾਲ ਰਹਿੰਦੀ ਏ
ਤੇ ਆਪਣੀ ਹਰ ਗੱਲ
ਮੈਨੂੰ ਹੀ ਕਹਿੰਦੀ ਏ
ਚੀਸ ਬਣਕੇ ਮੇਰੇ ਦਿਲ ਨੂੰ
ਦੁਖਾਉਂਦੀ ਏ
ਮੇਰੇ ਨਾਲ ਹਰ ਰੋਜ਼
ਲੰਮੀਆਂ ਬੁਝਾਰਤਾਂ ਪਾਉਂਦੀ ਏ

ਪੀੜੇ ਇੰਝ ਨੋਚ-ਨੋਚ
ਮੈਨੂੰ ਖਾਹ ਨਾ
ਮੈਂ ਵੀ ਆਪਣੇ ਮਾਪਿਆਂ ਦੀ
ਅੱਖ ਦਾ ਤਾਰਾ ਹਾਂ
ਜੇਕਰ ਮੈਂ ਦੁਖੀ ਹੁੰਦਾ ਹਾਂ
ਤਾਂ ਮੇਰੇ ਮਾਪੇ ਵੀ ਦੁਖੀ ਹੁੰਦੇ ਨੇ

ਪੀੜਾ!
ਮੈਂ ਤਾਂ ਪੀੜਾਂ ਦਾ ਪਰਾਗਾ
ਭੁੰਨਾ ਨਹੀਂ ਸਕਦਾ
ਕਿਉਂਕਿ ਮਾਡਰਨ ਭੱਠੀ ਵਾਲੀ
ਪੀੜਾਂ ਦਾ ਪਰਾਗਾ ਨਹੀਂ ਭੁੰਨਦੀ
ਤਾਂ ਹੀ ਸਾਡੇ ਮੂੰਹ 'ਤੇ
ਹਾਸਾ ਤੇ ਦਿਲ 'ਚ ਦਰਦ ਹੁੰਦਾ ਏ

ਪੀੜੇ ਤੂੰ 'ਬਾਜ' ਦੀ
ਅਰਜੋਈ ਸੁਣ ਲਵੀਂ
ਦੇਖੀਂ ਕਿਤੇ ਜਾਨ ਤੋਂ ਪਿਆਰਿਆਂ
ਵਾਂਗੂੰ ਅੱਖੋਂ ਓਹਲੇ ਨਾ ਹੋ ਜਾਵੀਂ
ਪੀੜੇ ਤੇਰੇ ਬਾਝੋਂ
ਪਿੰਡ "ਬੁਰਜ ਹਕੀਮਾਂ"
ਵਿਚ ਹਨੇਰਾ ਛਾ ਜਾਵੇਗਾ
ਤੇ ਇੰਝ
ਇਹ ਸ਼ਾਇਰ
ਆਪਣਾ ਵਜੂਦ ਮਿਟਾ ਜਾਵੇਗਾ
✪

## ਤੇਰੇ ਬਿਨਾਂ

ਤੇਰੇ ਬਿਨਾਂ ਸੱਜਣਾ
ਮੇਰਾ ਦਿਲ ਲਗਦਾ ਨਹੀਂ
ਤੇਰੇ ਤੋਂ ਬਿਨ੍ਹਾਂ ਇਕੱਲਾ
ਮੈਂ ਸਜਦਾ ਨਹੀਂ

ਤੇਰਾ ਦੀਦਾਰ ਮੈਨੂੰ
ਰੱਬ ਦਾ ਦੀਦਾਰ ਹੈ
ਤੂੰ ਨਾ ਮੰਨ
ਮੈਨੂੰ ਤੇਰੇ ਨਾਲ ਪਿਆਰ ਹੈ

ਹੱਸ-ਹੱਸ ਹੋਰਾਂ ਨਾਲ
ਗੱਲਾਂ ਤੂੰ ਕਰਦੀ
ਮੇਰੀ ਗੱਲ ਦਾ
ਹੁੰਗਾਰਾ ਨਹੀਂ ਭਰਦੀ
'ਬਾਜ' ਤੈਨੂੰ
ਪਿਆਰ ਕਰਦਾ ਰਹੂਗਾ
ਤੇਰੇ ਬਿਨਾਂ
ਦੁੱਖੜੇ ਜਰਦਾ ਰਹੂਗਾ
✪

## ਧੀ

ਨਾ ਮਾਰ
ਨਾ ਮਾਰ ਨਿਮਾਣੀ ਧੀ ਨੂੰ
ਹੱਥ ਰੋਕ ਬਾਬਲਾ ਵੇ
ਮੇਰੀਆਂ ਸੱਧਰਾਂ ਕਈ ਹਜ਼ਾਰ
ਤੇ ਕੁਝ ਸੋਚ ਬਾਬਲਾ ਵੇ

ਜਦ ਵੀਰਾ ਘਰ ਆਇਆ
ਤੂੰ ਤਮਾਸ਼ਾ ਖ਼ੂਬ ਰਚਾਇਆ
ਪਿੰਡ ਲੱਡੂਆਂ ਦਾ ਢੇਰ ਲਗਾਇਆ
ਮੈਨੂੰ ਅਣਜੰਮੀ ਨੂੰ ਮਾਰਨ ਦਾ
ਸਾਰਿਆਂ ਨੇ ਏਕਾ ਬਣਾਇਆ
ਤੈਨੂੰ ਤਰਸ ਰਤਾ ਨਾ ਆਇਆ
ਪੈਰ ਆਪਣੇ ਜ਼ਰਾ ਬੋਚ
ਬਾਬਲਾ ਵੇ
ਨਾ ਮਾਰ ਨਾ ਮਾਰ
ਨਿਮਾਣੀ ਧੀ ਨੂੰ ਹੱਥ ਰੋਕ ਬਾਬਲਾ ਵੇ

ਮਾਂ ਤੈਨੂੰ
ਨਾਨੀ ਮਾਂ ਨੇ ਜੰਮਿਆਂ
ਤੂੰ ਮੇਰਾ ਦੁਨੀਆਂ 'ਤੇ ਆਉਣ
ਦਾ ਰਸਤਾ ਥੰਮ੍ਹਿਆਂ
ਕਾਹਤੋਂ
ਔਰਤ, ਔਰਤ ਨੂੰ ਮਾਰੇ
ਕਾਹਤੋਂ ਦੁੱਖੜੇ ਭੈੜੇ ਗੁਜ਼ਾਰੇ
ਦੁਨੀਆਂ ਦੇ ਪੈਰੋਕਾਰ ਸਾਰੇ ਹਾਰੇ
ਤੂੰ ਮੇਰਾ ਦੱਸ ਦੋਸ਼ ਮਾਂ
ਨਾ ਮਾਰ
ਨਾ ਮਾਰ ਨਿਮਾਣੀ ਧੀ ਨੂੰ
ਤੂੰ ਵੀ ਹੱਥ ਰੋਕ ਮਾਂ

ਦਾਦੀ ਮਾਂ ਤਾਂ ਮੈਨੂੰ ਮਾਰਨਾ ਚਾਹੁੰਦੀ
ਪੋਤੀ ਦਾ ਜਨਮ ਨਾ ਸਹਾਰਨਾ ਚਾਹੁੰਦੀ
ਦਾਦੀ ਨੇ ਭੂਆ ਨੂੰ ਨਾ ਮਾਰਿਆ

ਤੇ ਉਸਨੂੰ ਬਾਹਰ ਜਹਾਜ਼ ਚਾੜਿਆ
ਤੂੰ ਇਕ ਵਾਰੀ
ਦਾਦੀ ਦੀ ਗੱਲ ਟੋਕ ਮਾਂ
ਨਾ ਮਾਰ
ਨਾ ਮਾਰ ਨਿਮਾਣੀ ਧੀ ਨੂੰ
ਤੂੰ ਵੀ ਹੱਥ ਰੋਕ ਮਾਂ

ਬਾਬਲ ਮੇਰਿਆ!
ਘਰ ਦਾ ਪ੍ਰਧਾਨ ਤੂੰ ਏਂ
ਤੂੰ ਤਾਂ ਦੁਨੀਆਂ ਵਿਚ
ਮੈਨੂੰ ਲਿਆਉਣ ਵਾਰੀ
ਇਕ ਹੰਭਲਾ ਤਾਂ ਮਾਰ ਲੈ
ਇਕ ਧੀ ਦਾ ਜਨਮ ਤਾਂ ਸਹਾਰ ਲੈ
ਤੇਰੀ ਚਿੱਟੀ ਪੱਗ ਦਾ
ਆਣ ਰੱਖੂ
ਮਾਂ ਦੀ ਚਿੱਟੀ ਚੁੰਨੀ ਦਾ
ਮਾਣ ਰੱਖੂ
ਤੂੰ ਦਾਦਾ, ਦਾਦੀ
ਤਾਇਆ, ਤਾਈ ਨੂੰ
ਜ਼ਰਾ ਸਮਝਾ ਤਾਂ ਸਹੀ
ਮੈਂ ਧੀ ਆਂ ਨਾ
ਸਮਝ ਮੈਨੂੰ ਤੋਪ ਬਾਬਲਾ ਵੇ
ਨਾ ਮਾਰ
ਨਾ ਮਾਰ ਨਿਮਾਣੀ ਨੂੰ
ਹੱਥ ਰੋਕ ਬਾਬਲਾ ਵੇ

'ਬਾਜ' ਵੀਰ ਤਾਂ
ਮੈਨੂੰ ਹੋਕਾ ਦਿੰਦਾ
ਥੋਨੂੰ ਮਨ ਸਮਝਾਉਣ ਦਾ
ਮੌਕਾ ਦਿੰਦਾ
ਛਾਤੀ ਤੇ ਹੱਥ ਠੋਕ ਬਾਬਲਾ ਵੇ
ਨਾ ਮਾਰ
ਨਾ ਮਾਰ ਨਿਮਾਣੀ ਧੀ ਨੂੰ
ਹੱਥ ਰੋਕ ਬਾਬਲਾ ਵੇ
ਮੇਰੀਆਂ ਸੱਧਰਾਂ ਕਈ ਹਜ਼ਾਰ
ਜ਼ਰਾ ਸੋਚ ਬਾਬਲਾ ਵੇ
✪

## ਘਰ

ਇੱਟਾਂ ਦੇ ਬਣੇ ਮਕਾਨ ਨੂੰ
ਘਰ ਨਹੀਂ ਕਹਿੰਦੇ
ਉਹ ਘਰ
ਜਿਸ ਵਿਚ
ਸੁਪਨੇ ਜਨਮ ਲੈਂਦੇ ਹਨ
ਅਰਮਾਨਾਂ ਦਾ ਜਨਮ ਵੀ
ਘਰ ਵਿਚ ਹੀ ਹੁੰਦਾ ਹੈ
ਜਿਸ ਘਰ ਵਿਚ ਦਾਦੀ
ਬਾਤਾਂ ਸੁਣਾਉਂਦੀ ਐ
ਦਾਦੇ ਤੋਂ ਪੋਤੇ ਪੈਸੇ ਮੰਗਦੇ ਨੇ
ਚੀਜੀ ਖਾਣ ਨੂੰ
ਦਰਅਸਲ ਉਹ ਹੀ ਘਰ ਹੁੰਦੈ

ਜਦੋਂ ਅਸੀਂ ਘਰ ਵਿਚ
ਇਕੱਠੇ ਰਹਿੰਦੇ ਹਾਂ
ਤਾਂ ਦਿਲ ਬੜਾ ਖ਼ੁਸ਼ ਹੁੰਦਾ ਏ
ਤੇ ਅਸੀਂ ਖ਼ੁਸ਼ੀ ਵਿਚ
ਪਾਗਲ ਹੋ ਜਾਂਦੇ ਹਾਂ
ਘਰ 'ਚ ਰਹਿਣ ਦਾ
ਨਸ਼ਾ ਈ ਅਜੀਬ ਹੁੰਦਾ ਏ

ਪਰ ਜਿਸ ਵਕਤ ਘਰ 'ਚ
ਤਰੇੜਾਂ ਪੈਂਦੀਆਂ ਨੇ
ਘਰ ਟੁੱਟ ਜਾਂਦਾ ਏ
ਕੰਧਾਂ ਫਟ ਜਾਂਦੀਆਂ ਨੇ
ਅਸੀਂ ਦੁੱਖਾਂ ਦੇ ਸਾਗਰਾਂ 'ਚ
ਵਹਿ ਜਾਂਦੇ ਹਾਂ

ਫਿਰ ਅਸੀਂ ਲੱਭਦੇ ਹਾਂ
ਆਪਣੇ ਚਾਚਿਆਂ, ਚਾਚੀਆਂ ਨੂੰ
ਜਿਨ੍ਹਾਂ ਦੀ ਗੋਦ 'ਚ
ਬਹਿ ਕੇ ਅਸੀਂ ਵੱਡੇ ਹੋਏ ਹਾਂ

ਜਿਸ ਘਰ ਵਿਚ
ਭੂਆ-ਫੁੱਫੜ
ਬੜੇ ਹੀ ਚਾਵਾਂ ਨਾਲ
ਆਉਂਦੇ ਸਨ
ਪਰ ਅੱਜ ਤਾਂ ਉਹ ਸਿਰਫ਼ ਫੋਨ 'ਤੇ
ਗੱਲਾਂ ਹੀ ਕਰਦੇ ਨੇ

ਭੂਆ ਕਹਿੰਦੀ ਏ
ਅਸੀਂ ਤੋੜ ਦਿੱਤਾ
ਤੇਰੇ ਬਾਪੂ ਦੇ
ਸੁਪਨਿਆਂ ਦੇ ਮਹਿਲ ਨੂੰ
ਤੇ ਵੱਖ-ਵੱਖ ਕਰ ਲਏ ਨੇ
ਆਪਣੇ-ਆਪਣੇ ਘਰ

ਜੇ ਘਰ ਵਿਚ ਇਤਫ਼ਾਕ ਹੋਵੇ
ਤਾਂ ਘਰ ਸਵਰਗ ਬਣ ਜਾਂਦਾ ਹੈ
ਜੇ ਘਰ ਵਿਚ ਬੇਇਤਫ਼ਾਕੀ ਹੋਵੇ
ਤਾਂ ਘਰ ਨਰਕ ਬਣ ਜਾਂਦਾ ਹੈ

ਮੇਰਾ ਘਰ
ਹਾਂ ਮੇਰਾ ਘਰ
ਜਿਸ ਵਿਚ ਬਾਪੂ ਦੀਆਂ ਝਿੜਕਾਂ
ਤੇ ਹਾਂ
ਜਿਸ ਵਿਚ ਮਾਂ ਦਾ ਪਿਆਰ
ਮਾਂ ਦੀਆਂ ਮਿੱਠੀਆਂ ਲੋਰੀਆਂ
ਮਿਲਦੀਆਂ ਹਨ
ਘਰ ਲਗਦਾ ਹੈ

ਹਾਂ ਸੱਚ!
ਜਦ ਮੇਰੀ ਭੈਣ ਕੁਆਰੀ ਸੀ
ਤਾਂ ਆਪਣੇ ਘਰ ਵਿਚ
ਮਿੱਟੀ ਦੇ ਘਰ ਬਣਾਉਣਾ ਖੇਡਦੇ
ਅਸੀਂ ਘਰ ਵਿਚ ਖ਼ੂਬ ਲੜਦੇ
ਤੇ ਕਈ ਵਾਰੀ ਰਲਮਿਲ ਕੇ
ਇਸ ਘਰ ਦੀ ਸਫ਼ਾਈ ਕਰਦੇ

ਘਰ ਦਾ ਇਕ ਕਮਰਾ
ਮੇਰੀ ਭੈਣ ਦਾ

ਤੇ ਇਕ ਮੇਰਾ
ਘਰ ਦਾ ਵੱਡਾ ਕਮਰਾ
ਸਾਡੇ ਬੇਬੇ ਤੇ ਬਾਪੂ ਦਾ

ਮੇਰਾ ਘਰ ਮੇਰਾ ਰਹਿ ਗਿਆ
ਤੇ ਮੇਰੀ ਭੈਣ
ਆਪਣੇ ਘਰ ਚਲੀ ਗਈ
ਤੇ ਮੈਂ ਇਕੱਲਾ ਰਹਿ ਗਿਆ
ਆਪਣੇ ਮਾਤਾ-ਪਿਤਾ ਨਾਲ
ਭੈਣ ਦੀ ਯਾਦ
ਹਰ ਰੋਜ਼ ਆ ਕੇ
ਅੱਖਾਂ ਨਮ ਕਰ ਜਾਂਦੀ

ਪਰ ਭੈਣ ਆਪਣੇ ਘਰ
ਬਹੁਤ ਹੀ ਖ਼ੁਸ਼ ਹੈ
ਉਸਦਾ ਪਤੀ ਪਰਮੇਸ਼ਰ
ਬੜਾ ਦਿਆਲੂ ਹੈ
ਤੇ ਉਸਦੇ ਘਰ ਦੋ ਬੱਚੇ
ਬੇਟਾ ਤੇ ਬੇਟੀ
ਉੱਚੀ-ਉੱਚੀ ਰੌਲਾ ਪਾ ਕੇ
ਖੇਡਦੇ ਹਨ
ਤੇ ਜਦ ਮੈਂ
ਉਸ ਘਰ ਵਿਚ ਜਾਨਾਂ
ਤਾਂ ਮੈਨੂੰ ਮਾਮਾ ਕਹਿੰਦੇ ਹਨ
ਤੇ ਮੈਂ ਉਨ੍ਹਾਂ ਨਾਲ ਖੇਡਕੇ
ਪਾਗਲ ਹੋ ਜਾਂਦਾ ਹਾਂ

ਘਰ
ਘਰ ਤਾਂ ਘਰ ਹੈ
ਸੁਪਨਿਆਂ ਦਾ
ਅਰਮਾਨਾਂ ਦਾ
ਰੀਝਾਂ ਦਾ
ਕਿਉਂਕਿ
ਘਰ ਇਤਫ਼ਾਕ ਤੇ
ਏਕਤਾ ਨਾਲ ਬਣਦੇ ਹਨ
ਪਰ
ਮਕਾਨ ਇੱਟਾਂ ਨਾਲ
✪

## ਖ਼ੂਨਦਾਨ

ਖ਼ੂਨਦਾਨ ਨੂੰ ਸਾਰੇ
ਮਹਾਂ ਦਾਨ ਕਹਿ ਰਹੇ ਨੇ
ਤੁਸੀਂ ਵੀ ਮੰਨਦੇ ਹੋ
ਕਿ ਖ਼ੂਨਦਾਨ ਮਹਾਂਦਾਨ ਹੈ

ਜੇਕਰ ਖ਼ੂਨਦਾਨ ਮਹਾਂ ਦਾਨ ਹੈ
ਤੇ ਇਹ ਸੱਚ ਮੰਨਦੇ ਹੋ
ਤਾਂ ਫਿਰ ਕਿਉਂ ਧਰਮਾਂ ਦੇ ਨਾਮ 'ਤੇ
ਲੋਕਾਂ ਦਾ ਖ਼ੂਨ ਵਹਾ ਰਹੇ ਨੇ
ਸਿਆਸੀ ਲੋਕ

ਕਿਉਂ
ਗਲ਼ਾਂ 'ਚ ਟਾਇਰ ਪਾ ਰਹੇ ਨੇ
ਇਹ ਸਿਆਸੀ ਲੋਕ
ਕਦੇ ਦਿੱਲੀ ਬਲਦੀ ਏ
ਕਦੇ ਗੁਜਰਾਤ ਮੱਚਦਾ ਏ
ਦੱਸੋ ਦੁਨੀਆਂ ਦੇ ਲੋਕੋ
ਜੇ ਖ਼ੂਨ ਵਹਾਉਣਾ ਹੀ
ਅੱਜ ਦੇ ਲੋਕਾਂ ਦਾ ਧਰਮ ਏ
ਤਾਂ ਫਿਰ ਕਿਉਂ ਰੌਲਾ ਪਾ ਰਹੇ ਨੇ
ਖ਼ੂਨਦਾਨ ਦਾ

ਸਾਰੇ ਧਰਮਾਂ ਦੇ ਲੋਕਾਂ ਦਾ
ਜੇਕਰ ਖ਼ੂਨ ਇਕ ਹੁੰਦਾ ਏ
ਫਿਰ ਕਿਉਂ
ਸਿੱਖ ਕਹਿ ਕੇ
ਹਿੰਦੂ ਕਹਿ ਕੇ
ਸਾਂਝੇ ਸਮਾਜ ਤੋਂ
ਤੋੜ ਰਹੇ ਨੇ
ਸਿਆਸੀ ਲੋਕ

ਸਾਨੂੰ ਕਿਸੇ ਦੀ
ਜਾਨ ਬਚਾਉਣੀ ਚਾਹੀਦੀ ਏ
ਗੁਆਉਣੀ ਨਹੀਂ ਚਾਹੀਦੀ
ਇਹ ਸਾਰੇ ਧਰਮਾਂ ਦਾ ਸੰਦੇਸ਼ ਹੈ

ਆਓ! ਪਿਆਰੇ ਲੋਕੋ
ਇਕ ਹੋ ਕੇ
ਦੂਜਿਆਂ ਦੀਆਂ ਜਾਨਾਂ ਬਚਾਈਏ
ਤੇ ਮਰਦੀ ਹੋਈ
ਮਨੁੱਖਤਾ ਨੂੰ ਬਚਾਈਏ
ਤੇ ਫਿਰ ਅਸੀਂ ਵੀ ਕਰੀਏ ਖ਼ੂਨਦਾਨ
ਤੇ ਦੁਨੀਆਂ ਵਿਚ
ਪਿਆਰ ਮੁਹੱਬਤ ਦਾ ਵਾਧਾ
✪

## ਉਡਾਰੀ

ਰੱਬਾ!
ਕਈਆਂ ਨੂੰ ਤੂੰ ਦੇ ਦੇਵੇਂ
ਅਸਮਾਨ ਸਾਰਾ
ਕਈਆਂ ਨੂੰ ਤੂੰ ਦੇ ਦੇਵੇਂ
ਇਕ ਬੰਦ ਕਮਰਾ
ਪਰ ਅਸੀਂ ਉੱਡਣਾ ਚਾਹੁੰਦੇ ਹਾਂ
ਵਿਚ ਅਸਮਾਨਾਂ ਦੇ
ਲਾਉਣੀ ਚਾਹੁੰਦੇ ਹਾਂ
ਇਕ ਲੰਮੀ ਉਡਾਰੀ

ਰਹਿਮਤਾਂ ਤੇਰੀਆਂ
ਸਦਾ ਹੀ ਰਹਿਣ ਸਾਡੇ 'ਤੇ
ਨਤਮਸਤਕ ਕਰਦੇ ਰਹੀਏ
ਸਦਾ ਤੇਰੇ ਦਰਬਾਰਾਂ 'ਤੇ
ਔਕਾਤ ਦੇ ਵਿਚ ਰਹਿ ਕੇ ਅਸੀਂ
ਦਿਨ ਕੱਟੀਏ

ਰੱਬਾ!
ਸਾਨੂੰ ਦੇ ਦੇ
ਇਕ ਲੰਮੀ ਉਡਾਰੀ

ਮਾਪਿਆਂ ਤੇ ਗੁਰੂਆਂ ਨੂੰ
ਸਦਾ ਇੱਜ਼ਤ ਦੇਈਏ
ਸੁਮੱਤ ਬਖ਼ਸ਼ ਸਾਨੂੰ
ਸਦਾ ਅਸੀਂ ਉਹਨਾਂ
ਦੇ ਚਰਨਾਂ 'ਚ ਰਹੀਏ
ਅਸੀਂ ਨਾ ਭੁੱਲੀਏ
ਵਤਨ ਦੀ ਮਿੱਟੀ ਨੂੰ

ਰੱਬਾ
ਸਾਨੂੰ ਦੇ ਦੇ
ਇਕ ਲੰਮੀ ਉਡਾਰੀ
ਅਸੀਂ ਨਾ ਭੁੱਲੀਏ
ਯਾਰਾਂ ਬੇਲੀਆਂ ਹਾਣੀਆਂ ਨੂੰ
ਅਸੀਂ ਨਾ ਭੁੱਲੀਏ
ਆਪਣੇ ਪੰਜਾਂ ਪਾਣੀਆਂ ਨੂੰ
ਆਪਣੇ ਦਿਲ 'ਤੇ ਲੱਗੀਆਂ
ਆਪ ਹੀ ਸਹੀਏ
ਰੱਬਾ!
ਸਾਨੂੰ ਦੇ ਦੇ
ਇਕ ਲੰਮੀ ਉਡਾਰੀ
✪

## ਜੇ ਤੂੰ ਮੈਨੂੰ ਨਾ ਸਮਝਾਉਂਦੀ

ਜੇ ਤੂੰ ਮੈਨੂੰ
ਨਾ ਸਮਝਾਉਂਦੀ
ਤਾਂ ਮੈਂ
ਭਟਕ ਜਾਣਾ ਸੀ
ਉਨ੍ਹਾਂ ਰਾਹਾਂ 'ਤੇ
ਜਿਹੜੇ ਰਾਹ
ਆਪਣੇ ਢਾਰੇ ਨੂੰ ਗੁੱਲ ਕਰ ਜਾਂਦੇ
ਤੇ ਮਿੱਟੀ ਵਿਚ ਰੁਲ਼ ਜਾਣਾ ਸੀ
ਬਾਪੂ ਦਾ ਉੱਚਾ ਰੁਤਬਾ
ਤੇ
ਪਾਣੀ ਵਿਚ ਰੁੜ੍ਹ ਜਾਣੇ ਸਨ
ਮਾਂ ਦੇ ਕਿੰਨੇ ਹੀ ਚਾਅ

ਪਰ ਤੇਰੀ ਸੋਚ ਨੇ ਮੈਨੂੰ
ਬਚਾਈ ਰੱਖਿਆ
ਕਿਸੇ ਨਵ-ਜਨਮੇ ਬੱਚੇ ਦੀ
ਲਿਪਟੀ ਰੂੰ ਵਾਂਗ
ਜੋ ਉਸਨੂੰ ਬਚਾਈ ਰੱਖਦੀ ਏ
ਤੇਜ਼ ਠੰਡ ਤੋਂ
ਉਹ ਭੁੱਲ ਜਾਂਦਾ ਏ ਰੋਣਾ

ਜੇ ਮੈਂ ਤੇਰੀ ਗੱਲ ਨਾ ਮੰਨਦਾ
ਤੇ ਤੁਰ ਪੈਂਦਾ ਬਿਖੜੇ ਪੈਂਡਿਆਂ 'ਤੇ
ਤੇ ਉਨ੍ਹਾਂ ਪੈਂਡਿਆਂ ਨੇ
ਸਾਨੂੰ ਸਾਰਿਆਂ ਨੂੰ
ਕਰ ਦੇਣਾ ਸੀ ਪਸਤ

ਤੇ ਅਸੀਂ ਰੁਲ਼ ਜਾਣਾ ਸੀ
ਕਿਸੇ ਵੱਡੀ ਭੀੜ 'ਚ
ਤੇ ਖਿਲਰ ਜਾਣੇ ਸਨ
ਬਾਪੂ ਦੀ ਤੁਰਲੇ ਵਾਲੀ ਪੱਗ ਦੇ ਲੜ
ਤੇ ਅਸੀਂ ਵਹਿ ਜਾਣਾ ਸੀ
ਪਾਣੀ ਤੇ ਯਖ਼ ਵਾਂਗ

ਪਰ
ਮੈਂ ਜਦ ਵੀ ਕਿਸੇ ਮੰਚ ਤੋਂ
ਹਾਰ ਕੇ ਮੰਜੇ 'ਤੇ ਲੇਟਿਆ
ਕਿਸੇ ਹਾਰੇ ਹੋਏ ਜੁਆਰੀਏ ਵਾਂਗ
ਤੇ ਅੱਖਾਂ ਦੇ ਅੱਥਰੂਆਂ ਨੇ
ਚੁੰਮਿਆਂ ਮੇਰੀਆਂ ਗੱਲ੍ਹਾਂ ਨੂੰ
ਤੇ ਤੂੰ ਆਪਣੀ ਚੁੰਨੀ ਦੇ ਲੜ ਨਾਲ
ਮੇਰਾ ਮੂੰਹ ਪੋਚਿਆ
ਤੇ ਆਖਿਆ ਚੁੱਪ ਕਰ ਜਾ
ਮਾਂ ਜਾਇਆ

ਤੇਰਾ ਵੀ
ਇਕ ਦਿਨ ਵਕਤ ਆਵੇਗਾ
ਜਦ
ਤੈਨੂੰ ਇਹ ਖ਼ਲਕਤ
ਮਾਣ ਬਖ਼ਸ਼ੇਗੀ
ਤੇ ਤੇਰੇ ਬੋਲਾਂ ਨੂੰ
ਚਿੰਗਾਰੀ ਦੇਵੇਗੀ

ਸੱਚ!
ਮੇਰੀ ਮਾਂ ਜਾਈਏ
ਤੇਰੀਆਂ ਗੱਲਾਂ
ਸੱਚ ਹੋ ਰਹੀਆਂ ਨੇ
ਤੇ ਮੈਨੂੰ ਮਿਲ ਰਿਹਾ ਏ
ਪਿਆਰ

ਪਰ ਇਹ ਸਭ ਕੁਝ
ਤੇਰਾ ਹੀ ਬਖ਼ਸ਼ਿਆ ਹੋਇਆ
ਤੋਹਫ਼ਾ ਏ
ਜੋ ਮੈਨੂੰ
ਤੇਰੇ ਬੋਲਾਂ 'ਚੋਂ ਮਿਲਿਆ

ਸੱਚ!
ਮੇਰੀ ਮਾਂ ਜਾਈਏ
ਤੇਰੀਆਂ ਗੱਲਾਂ
ਸੱਚ ਹੋ ਰਹੀਆਂ ਨੇ
ਤੇ

ਹਾਂ ਸੱਚ
ਜੇ ਤੂੰ ਮੈਨੂੰ ਨਾ ਸਮਝਾਉਂਦੀ
ਤਾਂ ਇਹ ਸਭ ਕੁਝ ਨਹੀਂ
ਹੋਣਾ ਸੀ
ਇਹ ਸਭ ਤੇਰਾ ਹੀ ਪ੍ਰਤਾਪ ਹੈ
✪

## ਮਾਂ ਦੀ ਕੁੱਖ 'ਚੋਂ ਧੀ ਦੀ ਪੁਕਾਰ

ਮਾਂ ਮੇਰੀਏ! ਦੇਖੀਂ ਕਿਤੇ
ਮੈਨੂੰ ਲਾਂਭੇ ਨਾ ਲਾ ਦੇਵੀਂ
ਮੈਂ ਵੀ ਇਸ ਸੰਸਾਰ ਦੀ
ਯਾਤਰਾ ਕਰਨੀ ਚਾਹੁੰਦੀ ਹਾਂ
ਤੇ
ਦੇਖਣਾ ਚਾਹੁੰਦੀ ਹਾਂ
ਕਿ ਇਹੋ ਜਿਹਾ ਕੀ ਏ
ਸੰਸਾਰ ਵਿਚ
ਕਿ ਜਿੱਥੇ ਆ ਕੇ
ਬੰਦਾ ਰੱਬ ਨੂੰ ਭੁੱਲ ਜਾਂਦਾ ਹੈ

ਮਾਂ
ਮੇਰੀਆਂ ਵੀ ਕੁਝ ਇਛਾਵਾਂ ਨੇ
ਮੇਰੀਆਂ ਵੀ ਕੁਝ ਸੱਧਰਾਂ ਨੇ

ਮਾਂ
ਮੈਂ ਵੀ "ਤਸਲੀਮ ਨਸਰੀਨ" ਵਾਂਗੂੰ
"ਲੱਜਾ" ਵਰਗਾ ਨਾਵਲ ਲਿਖ ਕੇ
ਦੁਨੀਆਂ ਵਿਚ
ਤਰਥੱਲੀ ਮਚਾ ਦੇਵਾਂਗੀ

ਮਾਂ
ਮੈਂ ਵੀ ਅਮ੍ਰਿਤਾ ਪ੍ਰੀਤਮ ਵਾਂਗ
ਕਿਸੇ ਸਿਰੇ ਦੇ
ਪੰਜਾਬੀ ਸ਼ਾਇਰ ਨੂੰ ਜਗਾਵਾਂਗੀ
ਜੋ ਆਪਣੀ ਕਲਮ ਨਾਲ
ਦੁਨੀਆਂ 'ਚ ਉੱਠੇ ਤੂਫ਼ਾਨ ਦੀ
ਬਾਤ ਪਾਵੇਗਾ

ਮਾਂ
ਮੈਂ ਵੀ "ਕਲਪਨਾ ਚਾਵਲਾ" ਵਾਂਗ
ਅਸਮਾਨ ਦੀਆਂ ਉੱਚੀਆਂ
ਉਡਾਰੀਆਂ ਮਾਰਾਂਗੀ
ਮੇਰੀਆਂ ਉਡਾਰੀਆਂ ਵੀ
ਕੁਝ ਕਰ ਦਿਖਾਉਣਗੀਆਂ
ਤੇ ਮੈਂ ਵੀ ਕਲਪਨਾ ਚਾਵਲਾ ਵਾਂਗੂ
ਛਾ ਜਾਵਾਂਗੀ

ਮਾਂ
ਮੈਂ ਵੀ "ਮਦਰ ਟਰੇਸਾ" ਵਾਂਗ
ਇਕ ਸਦਭਾਵਨਾ ਕੈਂਪ ਖੋਲ੍ਹਾਂਗੀ
ਜਿਸ ਵਿਚ ਬੇਸਹਾਰਾ ਲੋਕ
ਆਪਣਾ ਜੀਵਨ ਬਤੀਤ ਕਰਨਗੇ

ਮਾਂ
ਤੂੰ ਦਾਦੀ ਦੀ ਨਾ ਮੰਨ
ਉਹ ਤਾਂ ਪੋਤਰਾ ਚਾਹੁੰਦੀ ਹੈ
ਤੇ ਮੈਨੂੰ ਕੁੱਖ ਵਿਚ ਹੀ
ਕਤਲ ਕਰਾਉਣਾ ਚਾਹੁੰਦੀ ਹੈ

ਮਾਂ
ਤੂੰ ਦਾਦੀ ਮਾਂ ਦੇ ਆਖੇ ਲੱਗ ਕੇ
ਕੁੱਖ ਸੁਲੱਖਣੀ ਸਾੜ ਨਾ ਦੇਵੀਂ
ਤੇ ਮੈਨੂੰ
ਜਨਮ ਤੋਂ ਪਹਿਲਾਂ
ਮਾਰ ਨਾ ਦੇਵੀਂ

ਮਾਂ
ਤਾਇਆ ਤਾਈ ਵੀ
ਮੈਨੂੰ ਮਾਰ ਦੇਣਾ ਚਾਹੁੰਦੇ ਨੇ
ਉਹ ਕਹਿੰਦੇ ਨੇ ਕਿ ਕੁੜੀਆਂ
ਤਾਂ ਸਿਰਾਂ 'ਤੇ ਬੋਝ ਹੁੰਦੀਆਂ ਨੇ
ਇਹ ਖ਼ਾਨਦਾਨ ਦੀ ਇੱਜ਼ਤ ਨੂੰ
ਲਾਜ ਲਾਉਂਦੀਆਂ ਨੇ

ਮਾਂ
ਤੂੰ ਮੇਰੇ ਬਾਬਲ ਨੂੰ ਸਮਝਾ
ਉਹ ਇੰਝ ਨਾ ਹੋਣ ਦੇਵੇ
ਮੈਂ ਉਸਦੀ ਚਿੱਟੀ ਪੱਗ ਨੂੰ
ਦਾਗ਼ ਨਹੀਂ ਲੱਗਣ ਦੇਵਾਂਗੀ

ਮਾਂ
ਤੂੰ ਡਰ ਨਾ
ਮੈਂ ਤੇਰੇ ਸਿਰ ਦੀ ਚੁੰਨੀ ਨੂੰ
ਪੈਰਾਂ ਵਿਚ ਨਹੀਂ ਰੋਲਾਂਗੀ
ਸਗੋਂ ਮੈਂ ਤਾਂ ਤੇਰਾ ਨਾਮ
ਜੱਗ 'ਤੇ ਰੌਸ਼ਨ ਕਰਾਂਗੀ

ਮਾਂ!
ਦੇਖੀਂ ਕਿਤੇ ਮੈਨੂੰ
ਸੱਚ-ਮੁੱਚ ਹੀ ਕੁੱਖ 'ਚ
ਨਾ ਮਾਰ ਦੇਵੀਂ

ਮਾਂ
ਤੂੰ ਮੈਨੂੰ ਜਨਮ ਦੇਵੀਂ
ਕਿਤੇ ਮੇਰੀਆਂ ਸੱਧਰਾਂ ਦਾ
ਮਸਲ ਨਾ ਦੇਵੀਂ
ਕਿਤੇ ਮੇਰੀਆਂ ਇੱਛਾਵਾਂ ਦਾ
ਕਤਲ ਨਾ ਕਰ ਦੇਵੀਂ
ਮੈਂ ਵੀ ਤੇਰੇ ਵਿਹੜੇ 'ਚ ਸਵੇਰ
ਦਾ ਸੂਰਜ ਚੜ੍ਹਿਆ
ਦੇਖਣਾ ਚਾਹੁੰਦੀ ਹਾਂ
ਮੈਂ ਵੀ ਤੇਰੇ ਵਿਹੜੇ 'ਚ ਤ੍ਰਿੰਝਣ
ਲਾਉਣਾ ਚਾਹੁੰਦੀ ਹਾਂ

ਮਾਂ
ਤੂੰ ਮੈਨੂੰ ਜਨਮ ਦੇਵੀਂ
ਤੂੰ ਇਕ ਨਿਮਾਣੀ
ਧੀ ਦੀ ਪੁਕਾਰ ਸੁਣ ਲਵੀਂ
✪

## ਦਾਦੀ ਮਾਂ ਦੀਆਂ ਬਾਤਾਂ

ਮੇਰੀ ਦਾਦੀ ਮਾਂ ਜੀ
ਤੁਸੀਂ ਉੱਥੇ ਚਲੇ ਗਏ ਹੋ
ਜਿੱਥੇ ਹਰ
ਕਿਸੇ ਨੇ ਜਾਣਾ ਹੈ
ਪਰ ਤੁਹਾਡੀਆਂ ਯਾਦਾਂ
ਮੇਰੇ ਦਿਲ ਵਿਚ
ਪਲਮ ਰਹੀਆਂ ਨੇ

ਯਾਦ ਆ ਰਿਹਾ ਹੈ
ਤੇਰਾ ਇਕ ਉਂਗਲੀ ਦਾ
ਮੇਰੇ ਸਿਰ 'ਚ ਫੇਰਨਾ
ਤੇ ਮੈਨੂੰ ਮਿੱਠੀ
ਨੀਂਦ ਸਵਾ ਦੇਣਾ

ਮੈਨੂੰ ਯਾਦ ਆ ਰਿਹਾ ਏ
ਜਦੋਂ ਮੈਂ ਆਪਣੇ ਕੇਸ
ਕਤਲ ਕਰਵਾਏ ਸਨ
ਤਾਂ ਤੂੰ ਅੱਖਾਂ ਭਰ ਕੇ ਕਿਹਾ ਸੀ
ਇਹ ਕੀ ਕੀਤਾ ਪੋਤਿਆ?
ਤੇ ਉਸ ਤੋਂ ਬਾਅਦ
ਤੂੰ ਉਸ ਨਾਈ ਨਾਲ
ਲੜ ਕੇ ਆਈ ਸੀ
ਜਿਸਨੇ ਮੇਰੇ ਕੇਸ ਕਤਲ ਕੀਤੇ ਸਨ

ਮੈਂ ਮੰਨਦਾ ਹਾਂ ਦਾਦੀ ਜੀ
ਕਿ ਮੈਂ ਭੁੱਲ ਗਿਆ ਸਾਂ
ਦਸ਼ਮੇਸ਼ ਪਿਤਾ ਦੇ ਹੁਕਮ ਨੂੰ
ਤੇ ਮੁਨਕਰ ਹੋ ਗਿਆ ਸਾਂ
ਉਨ੍ਹਾਂ ਨੂੰ ਮੰਨਣ ਤੋਂ

ਦਾਦੀ ਜੀ
ਮੈਂ ਤਾਂ ਗਲਤੀ ਕੀਤੀ
ਪਰ ਤੁਸੀਂ
ਜੋ ਮੈਨੂੰ
ਬਾਤਾਂ ਸੁਣਾਈਆਂ ਸਨ
ਉਨ੍ਹਾਂ 'ਚ ਤਾਂ ਸਚਾਈ ਦਿਸਦੀ ਸੀ
ਪਰ ਅੱਜ ਮੈਨੂੰ ਤਾਂ
ਦੁਨੀਆਂਦਾਰੀ 'ਚ
ਕਿਤੇ ਵੀ
ਸੱਚਾਈ ਦਾ ਨਾਮੋ ਨਿਸ਼ਾਨ
ਨਹੀਂ ਦਿਸਦਾ

ਦਾਦੀ ਮਾਂ
ਤੇਰੀਆਂ ਬਾਤਾਂ 'ਚ ਤਾਂ
ਮਨੁੱਖਤਾ ਦੀ ਭਿਣਕ ਆਉਂਦੀ ਸੀ
ਪਰ ਅੱਜ ਮੈਨੂੰ ਸਭ ਕੁਝ ਖ਼ਤਮ
ਹੋ ਗਿਆ ਲਗਦਾ ਹੈ

ਦਾਦੀ ਮਾਂ
ਤੇਰੀਆਂ ਬਾਤਾਂ 'ਚ
ਤਾਂ ਮਨੁੱਖਤਾ ਇਕ
ਸਮਾਨ ਲਗਦੀ ਸੀ
ਪਰ ਅੱਜ ਵੇਖ
ਕੋਈ ਤ੍ਰਿਸ਼ੂਲ ਚੁੱਕੀ ਫਿਰਦਾ ਏ
ਕੋਈ ਤਲਵਾਰ ਚੁਕਦਾ ਏ
ਤੇ ਕੋਈ ਸਲੀਬ ਨੂੰ
ਸਭ ਤੋਂ ਉੱਚਾ ਦੱਸਦਾ ਏ

ਮੈਨੂੰ ਦੱਸ
ਇਹ ਇੱਕ ਸਮਾਨਤਾ ਵਾਲੀ ਗੱਲ ਏ
ਜੇਕਰ ਨਹੀਂ ਤਾਂ
ਫਿਰ ਦੱਸ ਤੇਰੀ ਬਾਤਾਂ ਵਾਲੀ
ਸਮਾਨਤਾ ਕਿਥੇ ਚਲੀ ਗਈ

ਦਾਦੀ ਮਾਂ!
ਤੇਰੀਆਂ ਬਾਤਾਂ 'ਚ ਤਾਂ
ਪਰਜਾ ਦਾ ਰਾਜਾ

ਆਪਣੀ ਪਰਜਾ ਨੂੰ
ਆਦਰ ਮਾਣ ਦਿੰਦਾ ਸੀ
ਤੇ ਇਕ ਅੱਖ ਨਾਲ ਦੇਖਦਾ ਸੀ
ਪਰ ਦਾਦੀ ਅੱਜ ਦਾ ਰਾਜਾ
ਤਾਂ ਮਨੁੱਖਤਾ ਦਾ ਕਤਲੇਆਮ
ਆਪਣੀਆਂ ਅੱਖਾਂ ਸਾਹਮਣੇ
ਕਰਾਉਂਦਾ ਏ

ਦਾਦੀ ਮਾਂ!
ਤੇਰੀਆਂ ਬਾਤਾਂ ਵਾਲਾ ਆਦਮੀ ਤਾਂ
ਧੀਆਂ ਨੂੰ ਬੜਾ ਦੁਲਾਰਦਾ ਸੀ
ਫਿਰ ਅੱਜ ਦਾ ਆਦਮੀ
ਤਾਂ ਧੀਆਂ ਨੂੰ ਜੰਮਣ ਤੋਂ ਪਹਿਲਾਂ ਹੀ
ਖ਼ਤਮ ਕਰ ਦਿੰਦਾ ਹੈ

ਦਾਦੀ ਮਾਂ
ਤੇਰੀਆਂ ਬਾਤਾਂ 'ਚ ਤਾਂ
ਜ਼ਿੰਦਗੀ ਬੜੀ ਖ਼ੂਬਸੂਰਤ ਲੱਗਦੀ ਸੀ
ਪਰ ਜ਼ਿੰਦਗੀ ਖ਼ੂਬਸੂਰਤ ਨਹੀਂ
ਕੰਡਿਆਂ ਦੀ ਸੇਜ ਹੈ
ਕੰਡਿਆਂ ਦੀ ਸੇਜ 'ਤੇ
ਚੱਲ ਕੇ ਹੀ ਜ਼ਿੰਦਗੀ
ਖ਼ੂਬਸੂਰਤ ਬਣਦੀ ਹੈ

ਪਰ ਦਾਦੀ ਜੀ
ਮੁਆਫ਼ ਕਰਨਾ
ਤੁਹਾਡੀਆਂ ਬਾਤਾਂ
ਸਿਰਫ਼ ਤੇ ਸਿਰਫ਼
ਮਨ ਪਰਚਾਉਂਦੀਆਂ ਸਨ
ਜ਼ਿੰਦਗੀ ਦੀ ਕੌੜੀ
ਸੱਚਾਈ ਨਹੀਂ
ਦੱਸਦੀਆਂ ਸਨ
ਹੋਰ ਕੁਝ ਨਹੀਂ ਸੀ
ਦਾਦੀ ਮਾਂ
ਹੋਰ ਕੁਝ ਨਹੀਂ ਸੀ
✪

## ਮੈਂ ਕੀ ਬੋਲਾਂ

ਮੈਂ ਕੀ ਬੋਲਾਂ
ਨਸ਼ੇ ਦੇ ਸੋਗ ਵਿਚ
ਹਰ ਰੋਜ਼ ਭਾਸ਼ਣ ਤਾਂ ਦੇ ਰਹੇ ਨੇ
ਮੇਰੇ ਦੇਸ਼ ਦੇ ਰਾਜੇ
ਮੈਂ ਉਹਨਾਂ ਤੋਂ
ਵੱਧ ਨਹੀਂ ਬੋਲ ਸਕਦਾ
ਜੋ ਵੱਡਿਆਂ ਵਾਅਦਿਆਂ ਨਾਲ
ਦੇਸ਼ ਦੇ ਭਵਿੱਖ ਦੀ
ਫ਼ਿਕਰ ਜਿਤਾਉਂਦੇ ਹਨ

ਪਰ ਮੈਂ
ਬੋਲਣ ਤੋਂ ਵੀ ਰਹਿ ਨਹੀਂ ਸਕਦਾ
ਕਿ ਵੋਟਾਂ ਆਉਣ 'ਤੇ
ਆਪ ਹੀ ਤਾਂ ਭੇਜਦੇ ਨੇ

ਨਸ਼ਿਆਂ ਨਾਲ ਭਰੀਆਂ ਲਾਰੀਆਂ
ਤੇ ਉਹਨਾਂ ਵਿਚ
ਫਿਰ ਜਾਂਦੀਆਂ ਨੇ
ਕਿਸਮਤ ਮਾਰੀਆਂ ਸਵਾਰੀਆਂ

ਮੁਆਫ਼ ਕਰਨਾ
ਕੁਝ ਜ਼ਿਆਦਾ
ਨਹੀਂ ਬੋਲਣਾ ਚਾਹੁੰਦਾ
ਨਸ਼ੇ ਦੇ ਸੋਗ ਵਿਚ

ਜਿਸ ਘਰ ਨਸ਼ੇ ਵਾਲਾ
ਆਦਮੀ ਰਹਿੰਦਾ ਹੈ
ਉਸ ਘਰ ਵਿਚ
ਤਾਂ ਸੋਗ ਹੀ ਸੋਗ ਹੈ
ਕੁਝ ਹੋਰ ਨਹੀਂ
ਨਸ਼ੇ ਦਾ ਸੋਗ ਕਰਨ ਨਾਲ
ਕੁਝ ਨਹੀਂ ਬਣਨਾ
ਬਣੇਗਾ ਤਾਂ ਹੀ
ਜੇ ਅਸੀਂ ਹੰਭਲਾ ਮਾਰਾਂਗੇ
ਨਸ਼ੇ ਦੇ ਵਿਰੋਧ 'ਚ

ਕਿਉਂਕਿ
ਅੱਖਾਂ ਮੀਚ ਕੇ ਕਦੇ
ਜੰਗ ਨਹੀਂ ਜਿੱਤੀ ਜਾਂਦੀ
ਜੰਗ ਜਿੱਤਣ ਲਈ ਤਾਂ
ਬਗ਼ਾਵਤ ਕਰਨੀ ਪੈਂਦੀ ਹੈ
ਹਿੰਮਤ ਵਾਲੇ ਲੋਕਾਂ ਨੂੰ
ਮੈਦਾਨ 'ਚ ਉਤਰਨਾ ਪੈਂਦਾ
ਨਸ਼ੇ ਵਰਗੀ ਸਮਾਜਿਕ ਬੁਰਾਈ ਨੂੰ
ਖ਼ਤਮ ਕਰਨ ਲਈ
ਇਕਜੁੱਟ ਹੋ ਕੇ
ਹੰਭਲਾ ਮਾਰਨਾ ਪਵੇਗਾ

ਚਿੱਟ ਕੱਪੜੀਆਂ ਦੇ
ਆਸਰੇ ਕੁਝ ਨਹੀਂ ਬਣਨਾ
ਇਨ੍ਹਾਂ ਦੇ ਆਸਰੇ
ਤਾਂ ਦੇਸ਼ ਅੱਗੇ ਹੀ
ਲੰਝੇ ਡੰਗ ਚਲਦਾ ਹੈ

ਤੁਸੀਂ ਇਨ੍ਹਾਂ ਆਸਰੇ
ਸਮਾਜਿਕ ਬੁਰਾਈਆਂ
ਖ਼ਤਮ ਕਰਨੀਆਂ ਚਾਹੁੰਦੇ ਹੋ

ਬੱਸ ਬਹੁਤ ਹੋ ਗਿਆ
ਨਸ਼ੇ ਦਾ ਸੋਗ
ਸੋਗ ਮਨਾਉਣ ਨਾਲ
ਕੁਝ ਨਹੀਂ ਹੋਣਾ
ਕੁਝ ਹੋਣਾ ਤਾਂ
ਹਿੰਮਤ ਕਰਨ ਨਾਲ ਹੋਣਾ ਹੈ

ਆਓ! ਹੰਭਲਾ ਮਾਰੀਏ
ਤੇ ਨਸ਼ੇ ਨੂੰ ਦੁਨੀਆਂ ਤੋਂ
ਖ਼ਤਮ ਕਰ ਦਈਏ
ਤੇ ਫਿਰ ਕਹੀਏ
ਕਿ ਹੁਣ ਸਾਡਾ ਭਵਿੱਖ
ਉਜਵਲ ਹੈ

ਨਸ਼ੇ ਦੀ ਲਾਹਣਤ ਨੂੰ
ਗਲੋਂ ਲਾਹ ਦਿਓ
ਦੇਸ਼ ਸੋਹਣਾ
ਸਵਰਗ ਬਣਾ ਦਿਓ
ਦੁਨੀਆਂ ਮਾਣ ਕਰੂ
ਤੁਹਾਡੇ ’ਤੇ ਜੇਕਰ
ਨਸ਼ੇ ਦੀ ਲਾਅਣਤ ਤੋਂ
ਇਸ ਧਰਤੀ ਨੂੰ
ਆਜ਼ਾਦ ਕਰਵਾ ਦੇਵੋਂ
✪

## ਅੱਧ ਮੱਚੀਆਂ ਲਾਸ਼ਾਂ

ਕਿਤੇ ਮੁੜ  ਕਾਲੀਆਂ ਰਾਤਾਂ
ਸਾਡੇ ਪੰਜਾਬ 'ਤੇ ਨ ਛਾ ਜਾਣ
ਜਿਨ੍ਹਾਂ ਰਾਤਾਂ ਨੇ ਸਾਡੇ ਪੰਜਾਬ ਨੂੰ
ਕੰਗਾਲ ਕਰਕੇ ਰੱਖ ਦਿੱਤਾ

ਜਿਨ੍ਹਾਂ ਰਾਤਾਂ ਨੇ
ਮਾਵਾਂ ਤੋਂ ਪੁੱਤ
ਭੈਣਾਂ ਤੋਂ ਭਰਾ
ਤੇ ਮੁਟਿਆਰਾਂ ਤੋਂ ਸੁਹਾਗ ਖੋਹ ਲਏ

ਮਾਲਕਾ!
ਜਦੋਂ ਇਹ ਕਾਲੀਆਂ ਰਾਤਾਂ
ਪੰਜਾਬ 'ਤੇ ਛਾਈਆਂ ਸਨ
ਉਸ ਵੇਲੇ
ਜਿਨ੍ਹਾਂ ਦੇ ਸਿਰ 'ਤੇ ਵਾਲ
ਤੇ ਮੂੰਹ ਤੇ ਦਾੜ੍ਹੀ
ਨਹੀਂ ਹੁੰਦੀ ਸੀ
ਉਨ੍ਹਾਂ ਨੂੰ ਆਦਮਖੋਰ
ਗੋਲੀ ਨਾਲ ਉਡਾ ਦਿੰਦੇ ਸਨ

ਜਿਨ੍ਹਾਂ ਦੇ ਸਿਰਾਂ 'ਤੇ
ਖਾਲਿਸਤਾਨੀ ਪੱਗ ਸਜਾਈ ਹੁੰਦੀ
ਉਨ੍ਹਾਂ ਨੂੰ ਪੁਲਿਸ ਦੀ ਗੋਲੀ ਦਾ
ਸ਼ਿਕਾਰ ਹੋਣਾ ਪਿਆ

ਇਹ ਸੰਤਾਪ
ਆਮ ਬੰਦੇ ਨਾਲ ਵਾਪਰਿਆ
ਖ਼ਾਸ ਲੋਕ ਤਾਂ ਪੰਜਾਬ ਛੱਡ ਕੇ
ਦੌੜ ਗਏ ਸਨ
ਆਮ ਬੰਦਾ ਜੋ ਗਰੀਬੀ ਦੇ ਪੁੜਾਂ ਵਿਚ
ਪੀਸਿਆ ਪਿਆ ਹੈ
ਜਦੋਂ ਠੰਡ ਵਿਚ ਬੈਠਦਾ ਹੈ ਤਾਂ
ਉਹ ਦਰਦ ਉਘੜਦੇ ਨੇ
ਉਸਨੂੰ ਜਿਊਂਦੇ ਨੂੰ ਮਾਰਦੇ ਨੇ

ਉਹ ਰੋਂਦਾ ਹੈ
ਉਸਨੇ ਰੋਣਾ ਹੀ ਹੁੰਦਾ ਹੈ
ਜਿਸ ਦੀ ਬੁਢਾਪੇ 'ਚ
ਡੰਗੋਰੀ ਮੁੱਕ ਜਾਵੇ
ਜਿਨ੍ਹਾਂ ਦੇ ਪੁੱਤਾਂ ਨੂੰ
ਬਾਗ਼ੀ ਕਹਿ ਕੇ ਸ਼ਰ੍ਹੇਆਮ
ਗੋਲੀਆਂ ਮਾਰ ਦਿੱਤੀਆ ਜਾਣ

ਮਾਲਕਾ!
ਉਹ ਰੇਲ ਗੱਡੀ ਕਾਂਡ ਅੱਜ ਵੀ
ਸਾਡੇ ਮਨ ਨੂੰ ਦੁਖਾਉਂਦਾ ਹੈ
ਜੀਹਦੇ ਵਿਚ ਸੈਂਕੜੇ ਹੀ ਬੇਕਸੂਰ
ਲੋਕਾਂ ਨੂੰ ਮੌਤ ਦੇ ਘਾਟ
ਉਤਾਰ ਦਿੱਤਾ ਗਿਆ

ਜਿਨ੍ਹਾਂ ਔਰਤਾਂ ਦਾ ਸੁਹਾਗ
ਉਸ ਰੇਲ ਕਾਂਡ ਵਿਚ ਉਜੜ ਗਿਆ
ਉਹ ਦੁੱਖਾਂ ਦੀ ਅੱਗ ਨੂੰ
ਸੀਨੇ ਵਿਚ ਸਮੋਈ ਬੈਠੀਆਂ ਹਨ

ਨੀਲੀ ਤੇ ਚਿੱਟੀ ਪੱਗ ਵਾਲਿਆਂ
ਦਾ ਤਾਂ ਕੁਝ ਨਹੀਂ ਗਿਆ
ਜਿਨ੍ਹਾਂ ਦੇ ਪੁੱਤ ਮਰੇ ਹਨ
ਉਨ੍ਹਾਂ ਨੂੰ ਪੁੱਛ ਕੇ ਵੇਖੋ
ਕਿ ਪੁੱਤਾਂ ਦਾ ਦਰਦ ਕੀ ਹੁੰਦਾ ਹੈ

ਉਨ੍ਹਾਂ ਕਰਮਾਂ ਮਾਰੀਆਂ
ਮਾਵਾਂ ਤੋਂ ਪੁੱਛ ਕੇ ਵੇਖੋ
ਜਿਨ੍ਹਾਂ ਦੇ ਕੁੱਖੋਂ ਜਾਏ
ਪੁੱਤਾਂ ਨੂੰ ਟਿੱਬਿਆਂ ਵਿਚ
ਭਜਾ-ਭਜਾ
ਜਵਾਨੀਓਂ ਤੋਰ ਦਿੱਤਾ

ਹਕੂਮਤ ਵਾਲਿਆਂ ਦਾ
ਕੁਝ ਨਹੀਂ ਗਿਆ
ਜੋ ਕੁਝ ਗਿਆ
ਗਰੀਬ ਲੋਕਾਂ ਦਾ ਗਿਆ

ਜਿਨ੍ਹਾਂ ਦੀ ਜ਼ਿੰਦਗੀ
ਰੋਹੀ-ਬੀਆਬਾਨ ਹੋ ਗਈ

ਅੱਧ ਮੱਚੀਆਂ ਲਾਸ਼ਾਂ ਕੀ ਬੋਲਣ ?
ਜਿਹੜੀਆਂ ਬੋਲ-ਬੋਲ ਕੇ
ਹੰਭ ਚੁੱਕੀਆਂ ਹਨ
ਇਹ ਅੱਧ ਮੱਚੀਆਂ ਲਾਸ਼ਾਂ
ਜਿੰਨਾ ਚਿਰ ਜਿਉਣਗੀਆਂ
ਇਸ ਅੱਗ ਵਿਚ
ਝੁਲਸਦੀਆਂ ਰਹਿਣਗੀਆਂ

ਮਾਲਕਾ!
ਆਹ ਵੀ ਅੱਧ ਮੱਚੀਆਂ ਲਾਸ਼ਾਂ ਹੀ ਸਨ
ਜਿਨ੍ਹਾਂ ਨੂੰ ਬੇਸਹਾਰਾ ਕਹਿ ਕੇ
ਫੂਕਿਆ ਗਿਆ
ਹਕੂਮਤ ਵਾਲਿਆਂ ਨੇ
ਇਸ ਧੰਦੇ ਵਿਚ
ਬਾਖ਼ੂਬੀ ਕਿਰਦਾਰ ਨਿਭਾਇਆ

ਅਸੀਂ ਤੇਰੇ ਮੂਹਰੇ
ਅਰਜੋਈ ਕਰਦੇ ਹਾਂ ਕਿ
ਅੱਧ ਮੱਚੀਆਂ ਲਾਸ਼ਾਂ ਨੂੰ
ਸ਼ਾਂਤੀ ਬਖ਼ਸ਼ੀਂ
ਤੇ ਮੁੜ ਉਨ੍ਹਾਂ
ਕਾਲੀਆਂ ਰਾਤਾਂ ਨੂੰ
ਸਾਡੇ ਰੰਗਲੇ ਪੰਜਾਬ 'ਤੇ
ਛਾ ਜਾਣ ਨਾ ਦੇਵੀਂ

ਅਸੀਂ ਹੁਣ ਉਹ ਸੰਤਾਪ
ਝੱਲਣਾ ਨਹੀਂ ਚਾਹੁੰਦੇ
ਜਿਸ ਵਿਚ ਆਪਣਾ ਦੇਸ਼
ਪਰਾਇਆ ਹੋ ਜਾਵੇ
ਤੇ ਆਪਣੇ ਘਰੋਂ
ਬਾਹਰ ਜਾਣਾ ਵੀ ਦੁੱਭਰ ਹੋ ਜਾਵੇ
ਮਾਲਕਾ!
ਸਾਡੇ ਰੰਗਲੇ ਪੰਜਾਬ ਨੂੰ
ਹੱਸਦਾ ਵਸਦਾ ਰੱਖੀਂ!
✪

## ਮੌਜਾਂ

ਦੱਸ ਪੰਜਾਬ!
ਕਿੱਧਰ ਗਈਆਂ ਉਹ ਮੌਜਾਂ
ਕਿੱਧਰ ਗਏ ਉਹ ਮੇਲੇ
ਕਿੱਧਰ ਗਈਆਂ ਉਹ ਥਾਵਾਂ
ਜਿੱਥੇ ਕਲੀ ਕੁ ਜੋਟਾ ਖੇਡਦੇ ਸੀ
ਇਕ ਦੂਜੇ ਤਾਈਂ ਛੇੜਦੇ ਸੀ

ਦੱਸ ਪੰਜਾਬ!
ਕਿੱਧਰ ਗਏ ਉਹ ਸਿੰਝ ਅਖਾੜੇ
ਕਿੱਧਰ ਗਏ ਉਹ ਗੱਭਰੂ ਦਾਰੇ
ਜਿਹੜੇ ਗੋਡਾ ਮਾਰ ਕੇ ਪਾਣੀ ਕੱਢਦੇ ਸੀ
ਆਪਣੇ ਹੱਕਾਂ ਖ਼ਾਤਰ ਲੜਦੇ ਸੀ

ਦੱਸ ਪੰਜਾਬ!
ਕਿੱਧਰ ਗਈਆਂ ਤੇਰੀਆਂ ਉਹ ਮੁਟਿਆਰਾਂ
ਜੋ ਨਈਂ ਸੀ ਮੰਨਦੀਆਂ ਕਦੇ ਵੀ ਹਾਰਾਂ
ਹੁਣ ਤ੍ਰਿੰਝਣਾਂ ਗਿੱਧੇ ਭੁੱਲੀਆਂ ਨੇ
ਜਾ ਕੇ ਫੈਸ਼ਨਾਂ ਦੇ ਵਿਚ ਰੁਲ਼ੀਆਂ ਨੇ

ਦੱਸ ਪੰਜਾਬ!
ਕਿੱਧਰ ਗਏ ਉਹ ਮੇਲ ਮਿਲਾਪੇ,
ਰੋਹੀ ਬੀਆਬਾਨ ਹੁਣ ਸਭ ਜਾਪੇ
ਇੱਥੋਂ ਪਿਆਰ ਦੀਆਂ ਸਾਂਝਾਂ ਮੁੱਕੀਆਂ ਨੇ
ਪੀਂਘਾਂ ਤੀਆਂ ਵਿਚੋਂ ਟੁੱਟੀਆਂ ਨੇ

ਦੱਸ ਪੰਜਾਬ!
ਕਿੱਧਰ ਗਏ ਤੇਰੇ ਪੰਜ-ਆਬ
ਹੋਇਆ ਸੀ ਇਕ ਦਿਨ ਤੂੰ ਵੀ ਬਰਬਾਦ
ਆਸਾਂ ਦੇ ਤੰਦ ਉਸ ਵੇਲੇ ਟੁੱਟੇ ਸੀ
ਪਿਆਰਾਂ ਵਾਲੇ ਬੂਟੇ ਕਈ ਸੁੱਕੇ ਸੀ
✪

## ਅੱਗ

ਅੱਗ ਵਿਚ ਉਹ ਸ਼ਕਤੀ ਹੈ
ਜੋ ਕਿਸੇ ਚੀਜ਼ ਨੂੰ
ਮਚਾਉਣ ਦੀ ਤਾਕਤ ਰੱਖਦੀ ਹੈ

ਇਹ ਕਈ ਸੀਨਿਆਂ ਵਿਚ
ਅਜੇ ਤੱਕ ਵੀ ਭੱਖਦੀ ਹੈ
ਜਿਨ੍ਹਾਂ ਦੇ ਸੀਨਿਆਂ ਵਿਚ
ਅਜੇ ਤੱਕ ਵੀ ਭਖਦੀ ਹੈ
ਜਿਨ੍ਹਾਂ ਦੇ ਅਰਮਾਨਾਂ ਦੇ
ਕਤਲ ਹੋਏ ਹਨ
ਜਿਨ੍ਹਾਂ ਦੀਆਂ ਲੁੱਟਾਂ ਹੋਈਆਂ ਹਨ

ਜੇਕਰ ਸਾਡਾ ਸਿਸਟਮ
ਅੱਗ ਲਗਾਉਣੀ ਚਾਹੁੰਦਾ ਹੈ
ਤਾਂ
ਉਨ੍ਹਾਂ ਹੱਥਾਂ ਨੂੰ ਲਗਵਾਏ
ਜਿਹੜੇ ਹੱਥ ਗਰੀਬ ਦੀ ਲੁੱਟ-ਖਸੁੱਟ
ਤੇ ਮਾਰ ਕੁਟਾਈ ਕਰਦੇ ਹਨ

ਜੇਕਰ ਅੱਗ ਲਗਾਉਣੀ ਹੈ
ਤਾਂ
ਉਨ੍ਹਾਂ ਜੀਭਾਂ ਨੂੰ ਲਗਾਓ
ਜਿਹੜੀਆਂ ਦਾਜ ਮੰਗਦੀਆਂ
ਤੇ ਮਾਸੂਮਾਂ ਦੇ ਜਿਸਮਾਂ ਨੂੰ
ਸਾੜਨੋਂ ਨਹੀਂ ਸੰਗਦੀਆਂ

ਜੇਕਰ ਅੱਗ ਲਗਾਉਣੀ ਹੈ
ਤਾਂ
ਉਨ੍ਹਾਂ ਹੰਕਾਰੀਆਂ ਨੂੰ ਲਗਾਓ
ਜਿਹੜੇ ਆਪਣੇ ਪੈਸੇ ਦੇ ਹੰਕਾਰ ਵਿਚ
ਕਿਸੇ ਗਰੀਬ ਕੁੜੀ ਦੇ
ਜਿਸਮ ਨੂੰ ਹੱਥ ਪਾਉਂਦੇ ਹਨ

ਜੇਕਰ ਅੱਗ ਲਗਾਉਣੀ ਹੈ
ਤਾਂ
ਉਨ੍ਹਾਂ ਮੰਤਰੀਆਂ ਨੂੰ ਲਗਾਓ
ਜਿਹੜੇ ਗਰੀਬਾਂ ਦੀ
ਸੱਚੀ ਤੇ ਸੁੱਚੀ ਕਿਰਤ ਨੂੰ
ਆਪਣੇ ਢਿੱਡਾਂ ਵਿਚ
ਡਕਾਰ ਜਾਂਦੇ ਹਨ

ਜੇਕਰ ਅੱਗ ਲਗਾਉਣੀ ਹੈ
ਤਾਂ
ਉਨ੍ਹਾਂ ਨੂੰ ਲਗਾਓ
ਜਿਹੜੇ ਆਪਣੀ ਬੀਵੀ ਨੂੰ ਤੰਦੂਰਾਂ
ਵਿਚ ਸਾੜ ਦਿੰਦੇ ਹਨ

ਜਿਸ ਵੇਲੇ ਇਹ ਅੱਗ
ਗਰੀਬਾਂ ਦੇ ਘਰ ਵਿਚ ਜਾਂਦੀ ਹੈ
ਤਾਂ ਮੇਰਾ ਦਿਲ ਦੁੱਖਾਂ ਦੇ ਸਾਗਰ ਵਿਚ
ਡੁੱਬ ਜਾਂਦਾ ਹੈ
ਮੇਰੇ ਜਜ਼ਬਾਤਾਂ ਅੱਗੇ
ਤੂੰ ਗਰੀਬਾਂ ਦੇ ਅਰਮਾਨਾਂ ਦਾ
ਤੇ ਜਿਸਮਾਂ ਦਾ ਕਤਲ ਨਾ ਕਰ
ਕਿਉਂਕਿ ਉਹ
ਹੱਡ ਤੋੜਵੀਂ ਮਿਹਨਤ ਕਰਦੇ ਨੇ

ਹੇ ਅਗਨੀ!
ਤੈਨੂੰ ਉਹ ਘਰ ਹਵੇਲੀ ਮਹੱਲ
ਕਿਉਂ ਨਹੀਂ ਦਿਸਦੇ
ਜਿਹੜੇ ਲੁੱਟ ਦੇ ਪੈਸਿਆਂ ਨਾਲ
ਉਸਰੇ ਹੋਏ ਹਨ

ਹੇ ਅਗਨੀ!
ਜੇਕਰ ਤੂੰ ਸਾੜਨਾ ਹੈ
ਤਾਂ ਇਸ ਭ੍ਰਿਸ਼ਟ ਸਿਸਟਮ ਨੂੰ ਸਾੜ
ਜਿਹੜਾ ਦਿਨੋਂ-ਦਿਨ ਲੋਕਾਂ ਨੂੰ
ਰਸਾਤਲ ਦੀ ਅੱਗ ਵਿਚ ਸੁੱਟ ਰਿਹਾ ਹੈ

ਹੇ ਅਗਨੀ!
ਜੇਕਰ ਤੇਰੇ 'ਚ ਸੇਕ ਹੈ
ਤਾਂ ਇਸ ਸਿਸਟਮ ਨੂੰ
ਸਾੜ ਕੇ ਸਵਾਹ ਕਰਦੇ
ਤੇ ਇਕ ਨਵੇਂ ਪੰਜਾਬ
ਦੀ ਨੀਂਹ ਧਰਦੇ

ਆਓ ਆਪਾਂ ਸਾਰੇ ਆਪਣੀ
ਅੰਦਰਲੀ ਅੱਗ ਨੂੰ ਕਹੀਏ
ਅੱਗ ਹੈ ਇਕ ਸੱਚ
ਜੋ ਕੂੜ ਸਾੜ ਦੇਵੇਗੀ
ਜਿਹੜਾ ਕਰੇਗਾ ਅਨਿਆਂ
ਉਸਨੂੰ ਤਪਦੇ ਤੇਲ 'ਚ ਕਾੜ੍ਹ ਦੇਵੇਗੀ
✪

## ਸ਼ਬਦਾਂ ਦੀ ਜੰਗ

ਸੱਚ ਹੈ ਸ਼ਬਦਾਂ ਦੀ ਜੰਗ
ਤੇ ਝੂਠ ਹੈ
ਇਨਸਾਨੀਅਤ ਦੇ
ਮਜਬ੍ਹਾਂ ਦੀ ਜੰਗ

ਝੂਠ ਹੈ ਨਫ਼ਰਤ ਭਰਿਆ
ਕਿਸੇ ਵੱਲ ਤੱਕਣਾ
ਸੱਚ ਹੈ ਕਿਸੇ ਨੂੰ
ਸ਼ਬਦਾਂ ਦਾ ਬੋਧ ਕਰਾਉਣਾ

ਸ਼ਬਦ ਕਿਸੇ ਦੀ ਜਾਨ ਨਹੀਂ ਲੈਂਦੇ
ਸ਼ਬਦ ਕਿਸੇ ਨੂੰ ਬੁਰਾ ਨਹੀਂ ਬੋਲਦੇ
ਸ਼ਬਦਾਂ ਵਿਚ ਮਜ੍ਹਬਾਂ ਦਾ
ਵਖਰੇਵਾਂ ਨਹੀਂ ਹੁੰਦਾ
ਕਿਉਂਕਿ ਸ਼ਬਦ ਤਾਂ
ਮੁਹੱਬਤ ਦੀ ਖ਼ੁਸ਼ਬੋ ਵੰਡਦੇ ਹਨ
ਸ਼ਬਦ ਤਾਂ ਰਿਸ਼ਤਿਆਂ ਦਾ
ਨਿੱਘ ਦਿੰਦੇ ਹਨ

ਮੈਂ ਚਾਹੁੰਦਾ ਹਾਂ
ਕਿ ਛੋੜ ਦੇਈਏ
“ਸ਼ਬਦਾਂ ਦੀ ਜੰਗ”
ਕਿਉਂਕਿ
ਸ਼ਬਦਾਂ ਤੋਂ ਵਿਚਾਰ ਬਣਦੇ ਹਨ
ਤੇ ਦੁਨੀਆਂ ਵਿਚ ਜੇ ਕੋਈ ਜੰਗ ਹੈ
ਤਾਂ ਉਹ ਸਿਰਫ਼
ਵਿਚਾਰਾਂ ਦੀ ਜੰਗ ਹੈ

ਵਿਚਾਰ ਉੱਚੇ ਸੁੱਚੇ ਹੋਣੇ ਚਾਹੀਦੇ ਹਨ
ਤਾਂ ਹੀ ਅਸੀਂ
ਦੁਨੀਆਂ ਵਿਚੋਂ ਨਫ਼ਰਤ ਦਾ
ਅੰਤ ਕਰ ਸਕਦੇ ਹਾਂ
ਤੇ ਦੁਨੀਆਂ ਵਿਚ ਪਿਆਰ
ਵਧਾ ਸਕਦੇ ਹਾਂ।
ਹਾਂ ਫਿਰ ਲੱਗ ਲੈਣ ਦਿਉ
"ਸ਼ਬਦਾਂ ਦੀ ਜੰਗ"

ਸ਼ਬਦ ਕਿਸੇ ਦਾ ਨੁਕਸਾਨ ਨਹੀਂ ਕਰਦੇ
ਸ਼ਬਦ ਤਾਂ ਗੁਰੂ ਦੇ ਮੂੰਹਾਂ 'ਚੋਂ ਨਿਕਲੇ
ਮਿੱਠੜੇ ਵਿਚਾਰ ਹੁੰਦੇ ਨੇ
ਤੇ ਫਿਰ ਲੱਗ ਲੈਣ ਦਿਉ
"ਸ਼ਬਦਾਂ ਦੀ ਜੰਗ"

ਸ਼ਬਦ ਕਿਸੇ ਦਾ ਨੁਕਸਾਨ ਨਹੀਂ ਕਰਦੇ
ਸ਼ਬਦ ਤਾਂ ਪਿਆਰ ਵੰਡਦੇ ਹਨ
ਦੁਨੀਆਂ 'ਚ ਮਜ਼੍ਹਬਾਂ 'ਚ
ਪੂਰੀ ਕਾਇਨਾਤ 'ਚ
ਫਿਰ ਕਿਉਂ ਰੁਕੇ
"ਸ਼ਬਦਾਂ ਦੀ ਜੰਗ"
ਲੱਗ ਲੈਣ ਦਿਉ
ਸ਼ਬਦਾਂ ਦੀ ਜੰਗ
✪

## ਸੁਆਗਤ

ਮੇਰੇ ਗੀਤਾਂ ਦੀਏ ਰਾਣੀਏ
ਮੈਨੂੰ ਜਾਨ ਤੋਂ ਪਿਆਰੀਏ
ਤੇਰਾ ਮੈਂ ਸੁਆਗਤ ਕਰਦਾ ਹਾਂ
ਤੂੰ ਮੇਰੇ ਬੂਹੇ ਆਣ
ਦਸਤਕ ਦਿੱਤੀ
ਤੇ
ਮੇਰੇ ਰੋਮ-ਰੋਮ 'ਚ
ਇਕ ਮਿੱਠੀ ਜਿਹੀ ਚੀਸ ਉੱਠੀ

ਤੇ ਯਾਦ ਆਇਆ ਏ
ਤੇਰਾ ਮੇਰੇ ਸੁਪਨਿਆਂ 'ਚ ਆਉਣਾ
ਮੈਨੂੰ ਗੂੜ੍ਹੀ ਨੀਂਦ ਨਾ ਆਉਣ ਦੇਣਾ
ਤੇ ਫਿਰ ਖੁੱਲ੍ਹੀ ਅੱਖ ਤੋਂ
ਤੇਰਾ ਦੂਰ ਨੱਸ ਜਾਣਾ
ਜਦ ਵੀ ਕਦੇ ਮੈਂ

ਕਾਪੀ ਤੇ ਪੈਨਸਿਲ ਚੁੱਕੀ
ਤੇ ਉੱਕਰਿਆਂ ਸਫ਼ੇ ਦੀ ਹਿੱਕ 'ਤੇ
ਤੇਰੇ ਨੈਣਾਂ ਦੀਆਂ ਬਾਤਾਂ ਨੂੰ
ਪਰ ਤੂੰ ਤਾਂ ਮੇਰੇ ਸਾਹਮਣੇ
ਆਣ ਬੈਠ ਜਾਂਦੀ
ਤੇ ਮੇਰੇ ਸੁਪਨੇ
ਚੂਰ-ਚੂਰ ਕਰ ਜਾਂਦੀ
ਕਿਉਂਕਿ ਮੈਂ ਤੇਰੇ ਵੱਲ
ਤੱਕਦਿਆਂ ਹੀ ਭੁੱਲ ਜਾਂਦਾ ਸਾਂ
ਆਪਣੇ ਰੀਝ ਦਿਆਂ ਪਲਾਂ ਨੂੰ

ਤੇ ਜਦ ਤੂੰ ਦੂਰ ਜਾਂਦੀ
ਤਾਂ ਅੱਖਾਂ ਨਮ ਹੋ ਜਾਂਦੀਆਂ
ਤੇ ਮੈਂ ਨਿਮੋਸ਼ਾ ਬੈਠਾ ਰਹਿੰਦਾ
ਕਿਸੇ ਹਾਰੇ ਹੋਏ ਖਿਡਾਰੀ ਵਾਂਗ
ਤੇ ਅੱਖਾਂ ਦੇ ਹੰਝੂਆਂ 'ਚੋਂ ਤੈਨੂੰ
ਲੱਭਦਾ ਤੇ ਤੂੰ ਦੂਰ ਚਲੀ ਜਾਂਦੀ
ਤੇ ਮੈਂ ਤੈਨੂੰ ਲੱਭਦਾ ਰਹਿੰਦਾ
ਅੱਜ ਤੇਰੇ ਆਉਣ 'ਤੇ
ਮੈਂ ਸੁਆਗਤ ਕਰਦਾ ਹਾਂ
ਦਿਲ ਦੀ ਤਹਿ 'ਚੋਂ
✪

## ਲੱਗਦਾ ਜਿਵੇਂ ਤੂੰ ....

ਜਦ ਬੂਹੇ ’ਤੇ ਕੋਈ
ਆਹਟ ਹੁੰਦੀ ਏ
ਫਿਰ ਲੱਗਦਾ ਏ
ਜਿਵੇਂ ਤੂੰ ਏਂ
ਪੂਰੀ ਫਿਜ਼ਾ ’ਚ

ਜਦ ਹਵਾ ਦਾ ਬੁੱਲਾ
ਫੁੱਲਾਂ ਦੀ ਖੁਸ਼ਬੋ
ਲੈ ਕੇ ਆਉਂਦਾ ਏ
ਜੁਗਨੂੰ ਜਿਵੇਂ
ਗੀਤ ਪਿਆਰ ਦੇ
ਗਾਉਂਦਾ ਏ
ਘੁੱਗੀਆਂ ਦਾ ਜੋੜਾ
ਹਾਲੇ-ਦਿਲ ਸੁਣਾਉਂਦਾ ਏ
ਫਿਰ ਲੱਗਦਾ
ਜਿਵੇਂਤੂੰ ਏਂ
ਪੂਰੀ ਫਿਜ਼ਾ ’ਚ

ਤ੍ਰੇਲ ਦੇ ਤੁਪਕੇ ਜਦ
ਫੁੱਲਾਂ ’ਤੇ ਤੱਕਦਾ ਹਾਂ
ਤੇਰੀ ਖ਼ੁਸ਼ਬੋ
ਸਾਂਭ ਕੇ ਰੱਖਦਾ ਹਾਂ
ਫਿਰ ਲੱਗਦਾ ਏ
ਜਿਵੇਂ ਤੂੰ ਏਂ
ਪੂਰੀ ਫਿਜ਼ਾ ’ਚ

ਸੂਰਜ ਦੀ ਲਾਲੀ ਵਰਗਾ
ਤੇਰਾ ਚਿਹਰਾ
ਜਦ ਚੇਤੇ ਆਉਂਦਾ ਏ
ਅੰਬਰਾਂ 'ਤੇ ਪਈ
ਸਤਰੰਗੀ ਪੀਂਘ ਦਾ
ਭੁਲੇਖਾ ਪਾਉਂਦਾ ਏ
ਜਦ ਚੰਨ ਆਪਣੀ
ਰੁੱਸੀ ਚਾਨਣੀ ਨੂੰ
ਮਨਾਉਂਦਾ ਏ
ਲੱਗਦਾ
ਜਿਵੇਂ ਤੂੰ ਏਂ
ਪੂਰੀ ਫਿਜ਼ਾ 'ਚ

ਮੇਰੇ ਸਾਹਾਂ ਦੀ ਤੰਦ
ਤੇਰੇ ਸਾਹਾਂ ਨਾਲ ਜੁੜੀ ਏ
ਮੈਨੂੰ ਆਖ਼ਰੀ ਸਾਹਾਂ 'ਤੇ
ਕਰਕੇ ਤੂੰ ਹੁਣ ਮੁੜੀ ਏਂ
ਮੈਂ ਮੰਨਿਆ
ਤੂੰ ਸ਼ਾਹਾਂ ਦੀ ਕੁੜੀ ਏਂ
ਪਰ ਤੂੰ ਹਰ ਵੇਲੇ
ਮੇਰੇ ਨਾਲ ਪਰਛਾਵਾਂ
ਬਣ ਕੇ ਰਹਿੰਦੀ ਏਂ
ਤੂੰ ਤਾਂ ਮੇਰੀਆਂ ਹੀ ਰਗਾਂ 'ਚ
ਦੌੜਦਾ ਖ਼ੂਨ ਏਂ
ਮੈਨੂੰ ਹਰ ਵੇਲੇ
ਇਹੀ ਲੱਗਦਾ ਏ ਜਿਵੇਂ
ਤੂੰ ਏਂ ਪੂਰੀ ਫਿਜ਼ਾ 'ਚ
✪

## ਵਗਦਾ ਦਰਿਆ

ਦਰਿਆਵਾਂ ਦਿਆ ਪਾਣੀਆਂ,
ਮੇਰੇ ਹਾਣ ਦਿਆ ਹਾਣੀਆਂ,
ਤੇਰਾ ਵਗਣਾ ਮੈਨੂੰ
ਬੜਾ ਹੀ ਮਨਮੋਹਣਾ ਲਗਦਾ ਏ

ਤੇਰੀਆਂ ਛੱਲਾਂ 'ਚ ਮੈਨੂੰ
ਕਿਸੇ ਸ਼ਾਇਰ ਦੀ ਸ਼ਾਇਰੀ
ਨਜ਼ਰ ਆਉਂਦੀ ਹੈ
ਤੇਰੀ ਹਰ ਲਹਿਰ
ਨਵਾਂ ਗੀਤ ਸੁਣਾਉਂਦੀ ਹੈ
ਤੇਰੀਆਂ ਲਹਿਰਾਂ 'ਚ ਮੈਨੂੰ
ਕਿਸੇ ਮਿੱਠੀ ਸਾਰੰਗੀ ਦੀ
ਆਵਾਜ਼ ਸੁਣਾਈ ਦਿੰਦੀ ਏ

ਦਰਿਆਵਾ ਤੂੰ ਵਗਦਾ ਹੀ ਰਹਿ
ਤੇਰਾ ਵਗਣਾ
ਪੂਰੀ ਲੋਕਾਈ ਨੂੰ ਜਚਦਾ ਏ
ਪਰ ਜਦ
ਤੂੰ ਕਦੇ ਵਗਣਾ ਛੱਡ ਦਿੰਦਾ ਏਂ
ਤਾਂ ਤੇਰੀ ਖੜੋਤ ਵੀ
ਲੋਕਾਈ ਨੂੰ ਜੀਣ ਨਹੀਂ ਦਿੰਦੀ

ਤੇਰਾ ਵਗਦਾ ਰੁਕਣਾ
ਸਾਨੂੰ ਜ਼ਹਿਰ ਤੋਂ ਵੀ
ਕੌੜਾ ਲਗਦਾ ਏ
ਤੇਰਾ ਵਗਦਾ ਰੁਕਣਾ ਲੋਕਾਈ
ਨੂੰ ਜਹਿਮਤ ਬਖ਼ਸ਼ਦਾ ਏਂ
ਪਰ ਤੇਰਾ ਵਗਣਾ ਕਮਾਲ ਏ
ਤੂੰ ਤਾਂ ਹਰ ਚੀਜ਼ ਨੂੰ

ਆਪਣੇ ਵਿਚ ਸਮੋਅ ਲੈਂਦਾ ਏਂ
ਤੇਰੇ ਵਗਣ ਨਾਲ
ਹਰ ਪਾਸੇ ਤਾਜ਼ਗੀ ਹੁੰਦੀ ਏ
ਪਰ ਤੇਰੇ ਰੁਕਣ ਨਾਲ
ਹਰ ਪਾਸੇ ਗ਼ਮੀ ਪਸਰ ਜਾਂਦੀ ਏ
ਦਰਿਆਵਾ
ਤੂੰ ਵਗਦਾ ਹੀ ਰਹਿ
ਤੇਰੇ ਵਗਣ ਨਾਲ
ਸਾਰੇ ਹੀ ਖ਼ੁਸ਼ ਨੇ
ਚੁਫੇਰ ਚੁਗਿਰਦਾ
ਲੋਕਾਈ ਸਭ ਖ਼ੁਸ਼
ਐ ਦਰਿਆ
ਤੂੰ ਵਗਦਾ ਹੀ ਰਹਿ
✪

## ...ਤੂੰ ਬਖ਼ਸ਼ਣਹਾਰ

ਮਿਹਰਾਂ ਵਾਲਿਆਂ ਸਾਈਆਂ
ਮੇਰੀ ਇਕ ਫਰਿਆਦ ਸੁਣੀ
ਮੇਰੇ ਵਰਗੇ ਪਾਪੀ ਦਾ
ਤੂੰ ਪਾਪ ਇਕ ਨਾ ਮਾਫ਼ ਕਰੀਂ

ਅਸੀਂ ਗੁਨਾਹਗਾਰ ਹਾਂ
ਐਨੇ ਤੈਨੂੰ ਦੱਸ ਨਹੀਂ ਸਕਦੇ
ਪਰ ਤੇਰੀਆਂ ਨਿਗਾਹਾਂ ਤੋਂ ਅਸੀਂ
ਬਚ ਨਹੀਂ ਸਕਦੇ
ਪੋਟਾ-ਪੋਟਾ ਕਰਕੇ
ਤੈਨੂੰ ਪਾਪ ਗਿਣਾਵਾਂਗੇ
ਤੇਰੀ ਕਚਹਿਰੀ ਵਿਚ ਅਸੀਂ
ਗੁਨਾਹਗਾਰ ਕਹਾਵਾਂਗੇ
'ਬਾਜ' ਲਿਖੇ ਸੱਚਿਆ ਮਾਲਕਾ ਤੂੰ
ਨਾ ਵਿਸਾਰ ਦਵੀਂ
ਸਾਡੇ ਪਾਪਾਂ ਵਾਲੇ ਪੰਨੇ ਨੂੰ

ਸਾਈਆਂ ਤੂੰ ਪਾੜ ਦਵੀਂ
ਤੂੰ ਪਾਪੀਆਂ ਨੂੰ
ਮੁਆਫ਼ ਕਰੀਂ

ਜੇ ਤੂੰ ਨਜ਼ਰੀਂ ਆਵੇਂ
ਤੈਨੂੰ ਰੱਜ-ਰੱਜ ਵੇਖਾਂ
ਜੇ ਤੂੰ ਸੁਪਨੇ 'ਚ ਆਵੇਂ
ਤੇਰਾ ਦੀਦਾਰ ਕਰਾਂ
ਤੇਰੀ ਸਿੱਖਿਆ
ਪੱਲੇ ਬੰਨ੍ਹ ਲਈ ਮੈਂ
ਪਹਿਲਾਂ ਕਦੇ ਨਾ
ਕਿਸੇ 'ਤੇ ਵਾਰ ਕਰਾਂ

ਤੇਰੀ ਦੁਨੀਆਂ 'ਚ
ਭਲੇ ਮਾਣਸ ਬਹੁਤ ਨੇ
ਮੈਂ ਕਿਵੇਂ ਆਪਣੇ ਆਪ ਨੂੰ
ਉਨ੍ਹਾਂ 'ਚ ਬਿਠਾਲ ਲਵਾਂ
ਮੈਂ ਪਾਪੀ ਪਾਪ ਕਮਾਉਣ ਵਾਲਾ
ਝੂਠੀ ਆਪਣੀ ਟੌਹਰ ਬਣਾਉਣ ਵਾਲਾ
ਕਿਵੇਂ ਆਪਣੇ ਲੇਖਾਂ ਦਾ
ਹੱਥੀਂ ਵਰਕਾ ਪਾੜ ਲਵਾਂ

ਤੇਰੀ ਕ੍ਰਿਪਾ ਮੇਰੇ 'ਤੇ
ਅਪਰ-ਅਪਾਰ ਹੈ
ਕਿਵੇਂ ਤੇਰੀ ਕ੍ਰਿਪਾ ਦਾ
ਕਰਜ਼ਾ ਮੋੜ ਲਵਾਂ
ਕੋਈ ਹੀਲਾ ਦੱਸ 'ਬਾਜ'
'ਬੁਰਜ ਹਕੀਮਾਂ' ਵਾਲੇ ਨੂੰ
ਕਿਵੇਂ ਤੇਰੇ ਚਰਨਾਂ ਨਾਲ
ਰਿਸ਼ਤਾ ਜੋੜ ਲਵਾਂ।
✪

## ਸਾਈਆਂ !

ਅੱਲਾ, ਰਾਮ, ਵਾਹਿਗੁਰੂ,
ਸਾਈਆਂ ਕਿੰਨੇ ਨਾਮ ਤੇਰੇ
ਫਲ ਮਿਲੇ ਉਹਨੂੰ ਜਿਹੜੇ
ਆਉਂਦੇ ਦਰ ਤੇਰੇ

ਵਿਗੜਿਆਂ ਦੇ ਤੂੰ ਕੰਮ ਸੰਵਾਰ,
ਰਾਹੀਆਂ ਨੂੰ ਤੂੰ ਰਾਹ ਦੇ ਦੇ
ਅੱਧਮੋਏ ਜੋ ਫਿਰਦੇ ਸਾਈਆਂ
ਅੱਧ ਸਾਹਿਆਂ ਨੂੰ ਸਾਹ ਦੇ ਦੇ
ਪੁੱਤ ਖੁਣੋ ਜੋ ਤੜਫਦੇ
ਉਨ੍ਹਾਂ ਦੀਆਂ ਝੋਲੀਆਂ ਭਰਦੇ
ਅਣਜੰਮੀਆਂ ਜੋ ਧੀਆਂ ਮਰਦੀਆਂ
ਉਨ੍ਹਾਂ ਦੇ ਸਿਰ ਹੱਥ ਧਰਦੇ
ਫਰਿਆਦ ਤੂੰ ਸੁਣ ਲੈ 'ਬਾਜ' ਦੀ
ਆਇਆ ਵਿਹੜੇ ਤੇਰੇ

ਅੱਲਾ, ਰਾਮ, ਵਾਹਿਗੁਰੂ
ਸਾਈਆਂ ਕਿੰਨੇ ਨਾਮ ਤੇਰੇ
ਫਲ ਮਿਲੇ ਉਹਨੂੰ ਜਿਹੜਾ
ਆਉਂਦੇ ਦਰ ਤੇਰੇ
ਬੇਘਰਿਆਂ ਨੂੰ ਘਰ ਬਖ਼ਸ਼ਦੇ
ਹਾਰਿਆਂ ਨੂੰ ਜਿੱਤ ਦੇ ਦੇ
ਭੁੱਖੇ ਢਿੱਡ ਜੋ ਸੌਂਦੇ ਸਾਈਆਂ
ਰੋਟੀ ਉਹਨਾਂ ਨੂੰ ਨਿੱਤ ਦੇ ਦੇ

ਮਾਵਾਂ ਜਿਹੜੀਆਂ ਪੁੱਤ ਉਡੀਕਣ
ਪੁੱਤਾਂ ਨੂੰ ਆਉਣ ਦੀ ਖਿੱਚ ਦੇ
ਖ਼ੁਸ਼ੀਆਂ ਉਨ੍ਹਾਂ ਨੂੰ ਵੰਡ-ਵੰਡ ਦੇ ਦੇ
ਜਿਹੜੇ ਨਾਮ ਧਿਆਉਂਦੇ ਤੇਰੇ
ਅੱਲਾ, ਰਾਮ, ਵਾਹਿਗੁਰੂ
ਸਾਈਆਂ ਕਿੰਨੇ ਨਾਮ ਤੇਰੇ
ਫਲ ਮਿਲੇ ਉਹਨੂੰ ਜਿਹੜਾ
ਆਉਂਦੇ ਦਰ ਤੇਰੇ
✪

## ਇਕ ਨੂਰ

ਇਕ ਅੱਖ ਨਾਲ
ਵੇਖ ਲੈ ਦੁਨੀਆਂ ਨੂੰ
ਨਾ ਕੋਈ ਉੱਚਾ
ਨਾ ਕੋਈ ਨੀਵਾਂ ਉਏ
ਨਾ ਹਿੰਦੂ ਨਾ
ਮੁਸਲਿਮ
ਨਾ ਸਿੱਖ ਨਾ ਇਸਾਈ ਉਏ
ਇਕ ਨੂਰ ਹੈ ਦੁਨੀਆ
ਕੁਦਰਤ ਦਾ
ਇਕ ਨੂਰ 'ਚੋਂ ਉਪਜੇ ਸਾਰੇ
ਤੂੰ ਕਿਉਂ ਭੁਲਾਈਂ ਫਿਰਦਾ ਏਂ

ਇਕ ਦਿਨ ਤੂੰ ਵੀ
ਤੁਰ ਜਾਣਾ
'ਬਾਜ' ਕਿਉਂ ਭੁਲਾਈਂ ਫਿਰਦਾ ਏਂ
ਇਹ ਧਰਮ ਦੇ ਠੇਕੇਦਾਰਾਂ ਨੇ
ਦੁਨੀਆਂ ਆਪਸ ਵਿਚ ਲੜਾਈ ਏ
ਘਰ-ਘਰ ਵੇਖ ਲੈ ਤੂੰ ਯਾਰਾ
ਦੁਸ਼ਮਣ ਭਾਈ ਦਾ ਅੱਜ ਭਾਈ ਏ
✪

## ਮਾਂ

ਜਿਹੜੀ ਰੋਂਦਿਆਂ ਦੇ ਨਾਲ ਰੋਂਦੀ ਏ
ਜਿਹੜੀ ਹੱਸਦਿਆਂ ਦੇ ਨਾਲ ਹੱਸਦੀ ਏ
ਜਿਹਨੂੰ ਇਸ ਧਰਤੀ ਦਾ ਰੱਬ ਕਹਿੰਦੇ
ਮੈਂ ਨਹੀਂ ਕਹਿੰਦਾ ਸਭ ਕਹਿੰਦੇ
ਜਿਹੜੀ ਚੰਗੀ ਸੋਚ ਸਿਖਾਉਂਦੀ ਏ
ਜਿਹੜੀ ਦਿਲ ਦਾ ਖ਼ੂਨ ਪਿਲਾਉਂਦੀ ਏ
ਉਹਦੇ ਵਿਹੜੇ ਦੇ ਵਿਚ
ਠੰਡੀ ਮਿੱਠੀ ਛਾਂ ਹੁੰਦੀ ਏ
ਐਨੇ ਗੁਣਾਂ ਵਾਲੀ ਤਾਂ
'ਬਾਜ' ਮਾਂ ਹੁੰਦੀ ਏ...
✪

## ਸ਼ੀਸ਼ਾ ਨਹੀਂ ਝੂਠ ਬੋਲਦਾ

ਸ਼ੀਸ਼ਾ ਨਹੀਂ ਝੂਠ ਬੋਲਦਾ
ਰੰਗ ਨਿੱਖਰ ਗਿਆ ਤੇਰਾ
ਨਾ ਮੈਥੋਂ ਖੋਹ ਕੁੜੀਏ
ਹੱਕ ਪਿਆਰ ਕਰਨ ਦਾ ਮੇਰਾ

ਮਟਕ-ਮਟਕ ਪੱਬ ਚੁੱਕਦੀ
ਜਵਾਨੀ ਦਾ ਨਸ਼ਾ ਬਥੇਰਾ
ਕੌੜੇ ਬੋਲ ਮੈਨੂੰ ਬੋਲਦੀ
ਤੈਨੂੰ ਫ਼ਿਕਰ ਨਾ ਭੋਰਾ ਮੇਰਾ

ਤੈਨੂੰ ਪਿਆਰ ਵਾਲਾ
ਰੋਗ ਲੱਗ ਜੇ
ਅੱਖਾਂ ਕੋਲੇ ਦਿਖੇ
'ਬਾਜ' ਦਾ ਚਿਹਰਾ
ਸ਼ੀਸ਼ਾ ਜਦੋਂ ਤੂੰ ਤੱਕੇਂ
ਦਿਖੇ 'ਬਾਜ' ਦਾ ਚਿਹਰਾ
✪

## ਮਜ਼ਬੂਰੀ

ਜਦੋਂ ਉਸਨੂੰ ਤੱਕਦੇ ਆਂ
ਅੱਖਾਂ 'ਚੋਂ ਨੀਰ ਛਲਕਦਾ ਏ
ਉਸ ਅਨੂਪ ਚੀਜ਼ ਨੂੰ
ਅਸੀਂ ਸਿਜਦਾ ਕਰਦੇ ਹਾਂ
ਸਾਡੀਆਂ ਹਸਰਤਾਂ
ਦਿਲ ਵਿਚ ਰਹਿ ਗਈਆਂ
ਫਰਿਆਦਾਂ, ਮਿਲਣ ਦੀਆਂ ਕਰਦੇ ਆਂ

ਖੁਨਾਮੀ ਸਾਡੇ ਕੋਲੋਂ
ਕਿਹੜੀ ਹੋ ਗਈ
ਨਾ ਖ਼ਾਬਾਂ 'ਚ ਆਵੇਂ
ਕਿੰਝ ਦਿਲ 'ਤੇ ਜਰਦੇ ਆਂ

ਇਹ ਖ਼ਲਕਤ ਸਾਰੀ
ਸਾਡੀ ਦੁਸ਼ਮਣ ਹੋ ਚੱਲੀ,
ਉਹਦੇ ਬਿਨਾਂ 'ਬਾਜ'
ਰੂਹ ਕੁਰਲਾਵੇ ਕੱਲੀ
✪

## ਲੋਕਾਈ

ਇਸ ਲੋਕਾਈ ਸਾਰੀ ਤੋਂ ਸਾਨੂੰ
ਡਰ ਜਿਹਾ ਲੱਗਦਾ ਏ
ਉਸ ਖਾਵੰਦ ਦੇ ਆਸਰੇ
ਦਿਨ ਕੱਟੀ ਕਰਦੇ ਆਂ

ਸਾਡੀਆਂ ਅੱਖਾਂ ਦਿਆਂ
ਕੋਇਆਂ ਵਿਚ
ਅੱਥਰੂ ਸੁੱਕ ਗਏ ਨੇ
ਮੁਨਾਸਿਬ ਹੋ ਗਈ
ਜ਼ਿੰਦਗੀ ਜਿਉਣੀ
ਸਾਰੇ ਹੌਸਲੇ ਟੁੱਟ ਗਏ ਨੇ

ਸਾਡੇ ਹੱਕ ਵਿਚ ਕੋਈ
ਗਵਾਹੀ ਨਹੀਂ ਭਰਦਾ
ਮੱਤਾਂ ਦੇ ਕੇ ਸਾਰੇ
ਸਾਡੇ ਕੋਲੋਂ ਖੋ ਜਾਂਦੇ
ਕੀ ਕਰੀਏ 'ਬਾਜ' ਰਾਤਾਂ ਨੂੰ
ਤਾਰੇ ਸਾਡੇ ਹੋ ਜਾਂਦੇ ਨੇ....
✪

## ਤੁਰ ਗਏ

ਜਿਹੜੇ ਸਾਨੂੰ ਭੁੱਲ ਗਏ
ਰੋਜ਼ ਸੁਪਨਿਆ ਵਿਚ ਆਉਂਦੇ ਨੇ
ਅੱਜ ਵੀ ਸਾਡੇ ਉੱਤੇ
ਹੱਕ ਜਿਤਾਉਂਦੇ ਨੇ

ਇਹ ਮੰਨਿਆਂ ਕਿ ਉਨ੍ਹਾਂ ਦੀ
ਯਾਦ ਦੇ ਵਰਕੇ ਹਰ ਰੋਜ਼ ਖੁਲ੍ਹਦੇ ਨੇ
ਸਾਡੀਆਂ ਅੱਖਾਂ ਰਾਹੀਂ
ਖ਼ੂਨ ਦੇ ਤੁਪਕੇ ਡੁਲ੍ਹਦੇ ਨੇ

ਉਹ ਬੇਕਦਰੇ ਸੀ
ਉਨ੍ਹਾਂ ਸਾਡੀ ਕਦਰ ਨਾ ਜਾਣੀ
ਸਾਡੀ 'ਬਾਜ' ਲੋਕਾਂ ਵਰਗੀ
ਅਜੀਬ ਨਹੀਂ ਕਹਾਣੀ
ਜਿਨ੍ਹਾਂ ਨੂੰ ਅਸੀਂ ਚਾਹਿਆ
ਉਹ ਹੱਥ ਹਿਲਾ ਕੇ ਤੁਰ ਗਏ ਨੇ
ਉਸ ਦਿਨ ਤੋਂ ਬੁੱਲ੍ਹ ਸਾਡੇ
ਨਾਲ ਗਿਲਾਸ ਦੇ ਜੁੜ ਗਏ ਨੇ
✪

## ਸ਼ੁਕਰੀਆ

ਸਾਨੂੰ ਨਫ਼ਰਤ ਕਰਨ
ਵਾਲਿਆਂ ਦਾ ਸ਼ੁਕਰੀਆ
ਸਾਡੇ ਜੜ੍ਹੀਂ ਬਹਿਣ
ਵਾਲਿਆਂ ਦਾ ਸ਼ੁਕਰੀਆ
ਸਾਡੇ ਹੋ ਕੇ ਜਿਹੜੇ ਸਾਨੂੰ ਭੁੱਲ ਗਏ ਨੇ
ਉਨ੍ਹਾਂ ਦਾ ਸ਼ੁਕਰੀਆ

ਜਿਹੜੇ ਘੂਰ-ਘੂਰ
ਸਾਨੂੰ ਤੱਕਦੇ ਨੇ
ਸਾਡੇ ਵੱਲ
ਵੇਖ-ਵੇਖ ਕੇ ਹੱਸਦੇ ਨੇ
ਉਹਨਾਂ ਦਾ ਸ਼ੁਕਰੀਆ

'ਬਾਜ' ਸਾਰਿਆਂ ਦਾ
ਸ਼ੁਕਰਗੁਜ਼ਾਰ ਹੈ
ਜੋ ਕਰ ਨਿੰਦਿਆ
ਮੇਰੇ ਵਰਗੇ ਪਾਪੀ ਦੇ
ਪਾਪ ਧੋਈ ਜਾਂਦੇ ਨੇ
✪

## ਆਸ

ਦਿਨ ਕਦੇ ਫਿਰਨਗੇ
ਸਾਡੇ ਵੀ
ਇਹ ਆਸ ਲਗਾਈ
ਬੈਠੇ ਹਾਂ
ਉਨ੍ਹਾਂ ਬੇਖ਼ਬਰੇ ਲੋਕਾਂ ਨੂੰ
ਦਿਲ ਵਿਚ ਵਸਾਈ
ਬੈਠੇ ਹਾਂ

ਦਰਦ ਕਿੰਨੇ ਹੀ
ਸੀਨੇ ਵਿਚ
ਨਾ ਦੱਸ ਹੁੰਦੇ
ਨਾ ਕਹਿ ਹੁੰਦੇ
ਇਕ ਦਿਲਾਸੇ ਨਾਲ
ਬੱਸ ਇਹ
ਦਿਲ ਸਮਝਾਈ ਬੈਠੇ ਹਾਂ
ਸਾਡੀ ਸੁਣ ਕੇ ਕੋਈ
ਖੱਚਰੀ ਜਿਹੀ ਹਾਸੀ ਹੱਸੂ
ਦਰਦ ਨਹੀਂ ਦੱਸਣੇ
'ਬਾਜ' ਕਿਸੇ ਨੂੰ
ਖ਼ੁਦਾ ਨਾਲ
ਲਗਾਈ ਬੈਠੇ ਹਾਂ
✪

## ਸਾਡਾ ਕੀ ਹੈ

ਅਸੀਂ ਨਾਚੀਜ਼ ਹੋ ਕੇ
ਵੀ ਕੀ ਕਰਨਾ
ਇਹ ਦੁਨੀਆਂ
ਪੈਸੇ ਵਾਲਿਆਂ ਦੀ
ਇਥੇ ਹਰ ਰੋਜ਼ ਪੈਂਦਾ ਮਰਨਾ

ਅਸੀਂ ਅੰਦਰੋਂ ਬਾਹਰੋਂ
ਇਕੋ ਜਿਹੇ
ਤਾਂ ਹੀ ਦੁੱਖਾਂ ਵਿਚ
ਪੈ ਗਏ ਆਂ
ਸਾਡੀ ਦੁਨੀਆਂ
ਤਾਂ ਚਲਾਕ
ਲੁੱਟ ਕੇ ਲੈ ਗਏ
ਅਸੀਂ ਹੱਥ ਮਲਦੇ ਹੀ
ਰਹਿ ਗਏ ਆਂ

ਉਹ ਸੁਖੀ ਵਸਣ
ਜਿਨ੍ਹਾਂ ਸਾਨੂੰ ਲੁੱਟਿਆ
ਸਾਡਾ ਕੀ ਹੈ ਅਸੀਂ ਜੀਲਾਂਗੇ
ਜ਼ਹਿਰ ਪਿਆਲਾ
ਜਿਹੜਾ ਸਾਨੂੰ ਦੇ ਗਏ
'ਬਾਜ' ਅਸੀਂ
ਗੱਟ-ਗੱਟ ਕਰਕੇ ਪੀਲਾਂਗੇ
✪

## ਨਸੀਹਤ-1

ਅੱਗ ਨਾਲ ਮੱਥਾ ਲਾ ਕੇ
ਜੂਨ ਕੱਟੀ ਜਾਵੇ ਨਾ
ਖੋਟੇ ਪੈਸੇ ਨਾਲ
ਕੋਈ ਚੀਜ਼ ਵੱਟੀ ਜਾਵੇ ਨਾ

ਨਸ਼ੇ ਬਿਨਾਂ ਅਮਲੀ ਤੋਂ
ਅੱਖ ਪੱਟੀ ਜਾਵੇ ਨਾ
ਮੋਤੀਚੂਰ ਦੇ ਲੱਡੂ
ਬਹੁਤੇ ਕੋਈ ਖਾਵੇ ਨਾ

ਲਾਲ ਪਰੀ ਪੀ ਕੇ
ਕੋਈ ਸਹੁਰੇ ਘਰ ਜਾਵੇ ਨਾ
ਰੜਕ ਬੁਰੀ ਹੁੰਦੀ 'ਬਾਜ'
ਡਲੀਆਂ ਵਾਲੇ ਸੁਰਮੇ ਦੀ
ਕੱਚੀ ਉਮਰੇ ਪਾ ਕੇ
ਕੋਈ ਅੱਖ ਮਟਕਾਵੇ ਨਾ
✪

## ਨਸੀਹਤ-2

ਦਗ਼ੇਬਾਜ ਯਾਰ ਤੋਂ ਕੀ ਲੈਣਾ
ਜੋ ਯਾਰੀ ਲਾ ਕੇ ਦਗਾ ਕਮਾ ਜਾਵੇ
ਧੋਖੇਬਾਜ਼ ਨਾਰ ਤੋਂ ਕੀ ਲੈਣਾ
ਜਿਹੜੀ ਅੱਖ 'ਚ ਘੱਟਾ ਪਾ ਜਾਵੇ

ਕੀ ਲੈਣਾ ਫੋਕੀ ਸ਼ੋਹਰਤ ਤੋਂ
ਜੀਹਦੇ ਪਿੱਛੇ ਇੱਜ਼ਤ ਗੁੰਮ ਜਾਵੇ
ਇੱਜ਼ਤ ਹੁੰਦੀ ਉਹਦੀ ਦੁਨੀਆਂ ਵਿਚ
ਜਿਹੜਾ ਮਿਹਨਤ ਨਾਲ ਮੰਜ਼ਿਲ ਚੁੰਮ ਜਾਵੇ

ਕੇਸ ਚੱਲਦੇ ਵਿਚ ਕਚਹਿਰੀਆਂ ਦੇ
ਇਕ ਵਾਰ ਤਲਵਾਰ ਜੇ ਘੁੰਮ ਜਾਵੇ
ਰਹਿੰਦੀ ਦੁਨੀਆਂ ਤੱਕ ਉਸਦਾ ਨਾਮ ਰਹਿੰਦਾ
ਜਿਹੜਾ ਦੇਸ਼ ਲਈ ਫਾਂਸੀ ਚੁੰਮ ਜਾਵੇ
ਛੱਡ 'ਬਾਜ' ਇਹ ਦੁਨੀਆਂ ਖੇਡ ਤਮਾਸ਼ਾ ਹੈ
ਉਪਰ ਵਾਲਾ ਮਦਾਰੀ ਹੈ
ਉਹਨੇ ਸਭ ਦੀ ਮੱਤ ਮਾਰੀ ਹੈ
✪

## ਗੇੜੇ

ਗੇੜੇ-ਗੇੜੇ ਹਰ ਕੋਈ ਕਹਿੰਦਾ
ਗੇੜਿਆਂ ਦਾ ਮੁੱਲ ਕਿਸੇ ਦਾ ਪੈਂਦਾ
ਰੱਬ ਬਚਾਵੇ
ਕਚਹਿਰੀ, ਥਾਣੇ, ਹਸਪਤਾਲ
ਦੇ ਗੇੜਿਆਂ ਤੋਂ

ਇਨ੍ਹਾਂ ਗੇੜਿਆਂ ਤੋਂ
ਨਾ ਤਾਂ ਕੁਝ ਪੱਲੇ ਪੈਂਦਾ ਏ
ਕਚਹਿਰੀ ਗੇੜੇ ਲਾ ਕੇ ਬੰਦੇ ਦੀ
ਮੱਤ ਮਰ ਜਾਂਦੀ ਐ
ਥਾਣੇ ਗੇੜੇ ਲਾ ਕੇ ਜੇਬ 'ਚੋਂ
ਦਵਾਨੀ ਖਰ ਜਾਂਦੀ ਏ

ਹਸਪਤਾਲ ਦੇ ਗੇੜਿਆਂ ਤੋਂ
ਰੂਹ ਜ਼ਖ਼ਮੀ ਹੋ ਜਾਵੇ
ਉਥੇ ਕਿਸੇ ਦਾ ਕੋਈ ਮਿਲਦਾ
ਕੋਈ ਦੂਰ ਖਲੋ ਜਾਵੇ

ਠੇਕਿਆਂ ਦੇ ਗੇੜੇ ਯਾਰਾ ਤੂੰ ਕੀ ਲਾਵੇਂਗਾ
ਠੇਕਿਆਂ ਦੇ ਵਿਚੋਂ ਕੀ ਲੱਭ ਲਿਆਵੇਂਗਾ
ਗੇੜੇ ਲਾ ਕੇ ਪਿੱਛੇ ਲਾਲ ਪਰੀ ਵਰਗੀ ਦੇ
ਜੀਹਦੇ ਨੈਣਾਂ 'ਚੋਂ ਪੀ ਕੇ
ਨਾ ਸੁਰਤ 'ਚ ਆਵੇਂਗਾ
ਜੀਹਦੇ ਨੈਣਾਂ 'ਚੋਂ ਪੀ ਕੇ
'ਬਾਜ' ਨਾ ਸੁਰਤ 'ਚ ਆਵੇਂਗਾ

ਗੇੜੇ ਮਾਰ ਅਸੀਂ ਹਾਰ ਗਏ,
ਸਾਡੇ ਸੱਜਣ ਤਾਂ ਉਡਾਰੀ ਮਾਰ ਗਏ
ਪਿਆਰ ਦੀਆਂ ਪੀਂਘਾਂ ਸਾਡੇ ਨਾਲ ਪਾ ਕੇ
ਸਾਨੂੰ ਉਨ੍ਹਾਂ ਰੱਖਿਆ ਭੁਲੇਖਿਆਂ 'ਚ ਪਾ ਕੇ
ਜਿਊਂਦੇ ਰਹਿਣ ਯਾਰ ਸਾਡੇ
ਜਿਨ੍ਹਾਂ ਯਾਰੀਆਂ ਨਿਭਾਈਆਂ ਨੇ
ਜਿਨ੍ਹਾਂ ਦਿਲ ਦੀਆਂ ਸੱਟਾਂ 'ਤੇ
ਮਲ੍ਹਮਾਂ ਵੀ ਲਾਈਆਂ ਨੇ
ਧੋਖੇਬਾਜ਼ ਨਾ ਅਸੀਂ
ਦਗੇਬਾਜ਼ ਕਹਿਣਾ ਏ
ਸਾਡੀ ਤਾਂ ਜ਼ੁਬਾਨ ਉੱਤੇ
'ਬਾਜ' ਉਹਦਾ ਨਾਮ ਰਹਿਣਾ ਏ
✪

## ਅੱਖੀਆਂ

ਅੱਖੀਆਂ-ਅੱਖੀਆਂ 'ਚ ਫ਼ਰਕ ਹੁੰਦੈ
ਸਮਝ ਉਹਨੂੰ ਆਉਂਦੀ
ਜੀਹਨੂੰ ਤਰਕ ਹੁੰਦੈ
ਜਦੋਂ ਇਹ ਅੱਖੀਆਂ
ਰਹਿਬਤ ਨਾਲ ਮਿਲਦੀਆਂ ਨੇ
ਤਾਂ ਨੂਰ ਚੜ੍ਹਾ ਲੈਂਦੀਆਂ
ਜਦੋਂ ਇਹ ਅੱਖੀਆਂ
ਕਿਸੇ ਯਾਰ ਨਾਲ ਮਿਲਦੀਆਂ ਨੇ
ਤਾਂ ਪੰਗਾਂ ਪਾ ਲੈਂਦੀਆਂ
'ਬਾਜ' ਇਹ ਅੱਖਾਂ ਨੇ
ਜੋ ਸ਼ਾਇਰਾਂ ਨੇ ਤੱਕੀਆਂ ਨੇ
ਜਦੋਂ ਇਹ ਅੱਖੀਆਂ
ਕਿਸੇ ਯਾਰ ਨਾਲ ਲੜਦੀਆਂ ਨੇ
ਨਾ ਸੌਂਦੀਆਂ ਨੇ ਨਾਂ ਖੜ੍ਹਦੀਆਂ ਨੇ
✪

## ਨਫ਼ਰਤ

ਜੇ ਤੂੰ ਕਰੇਂਗਾ ਨਫ਼ਰਤ ਬੰਦਿਆ
ਤਾਂ ਆਪਣਾ ਖ਼ੂਨ ਸੁਕਾਲੇਂਗਾ
ਆਪਣੀ ਜ਼ਿੰਦ ਨੂੰ
ਰੋਗ ਅਵੱਲਾ ਲਾ ਲੇਂਗਾ
ਹੱਸਦਿਆਂ ਦੇ ਘਰ ਵਸਦੇ
ਆਖ ਸਿਆਣੇ ਗਏ
ਹੱਸੇਂਗਾ ਤਾਂ
ਆਪਣਾ ਖ਼ੂਨ ਵਧਾਲੇਂਗਾ

ਦੁੱਖਾਂ ਤੋਂ ਤੂੰ ਡਰ ਕੇ
ਜ਼ਹਿਰ ਕੋਈ ਖਾ ਲਈਂ ਨਾ
ਖ਼ੁਦਕੁਸ਼ੀ ਤੂੰ ਕਰਕੇ
ਕਾਇਰ ਕਹਾਲੇਂਗਾ
ਨਾਨਕ ਦੁਖੀਆ ਤੂੰ ਸਭ ਸੰਸਾਰ ਸੁਣੇ
ਦੁੱਖਾਂ ਦੇ ਵਿਚ ਰਹਿ ਕੇ 'ਬਾਜ'
ਤੂੰ ਰੱਬ ਨੂੰ ਪਾ ਲੇਂਗਾ
✪

## ਖੋਟਾ ਪੈਸਾ

ਮੈਂ ਹਾਂ ਖੋਟਾ ਪੈਸਾ
ਜੋ ਚੱਲਣ ਦਾ ਨਾ ਕਰਾਂ ਵਾਅਦਾ
ਲੱਖਾਂ ਔਗੁਣ ਮੇਰੇ ਅੰਦਰ
ਦੱਸੋ ਕਰਾਂ ਮਾਣ ਮੈਂ ਕਾਹਦਾ
ਅੱਜ ਤੱਕ ਮਾਪਿਆਂ ਨੂੰ
ਖ਼ੁਸ਼ੀ ਕੋਈ ਦਿੱਤੀ ਨਹੀ
ਉਨ੍ਹਾਂ ਮੇਰੀ ਮੰਗ
ਕੋਈ ਥੱਲੇ ਸੁੱਟੀ ਨਹੀਂ
ਤੰਗੀਆਂ ਤੁਰਸ਼ੀਆ 'ਚ
ਮੈਨੂੰ ਉਪਰ ਚੁੱਕਣਾ ਸੋਚਦੇ ਨੇ
ਸਾਡਾ ਭੋਲਾ ਪੰਛੀ
ਕੁਝ ਬਣ ਜਾਵੇ
ਇਹੀ ਉਹ ਤਾਂ ਲੋਚਦੇ ਨੇ
ਕੀ ਦੇਣਾ 'ਬਾਜ' ਕਰਮਾਂ ਮਾਰੇ ਨੇ
ਚੰਦ ਸ਼ੇਅਰ ਹੀ ਥੋਨੂੰ ਸੁਣਾ ਸਕਦਾ
ਇਹ ਸਾਰੀ ਦੁਨੀਆਂ ਮੈਂ ਭੁੱਲ ਜਾਊਂ
ਪਰ 'ਬਾਜ' ਥੋਨੂੰ ਨਹੀਂ ਭੁਲਾ ਸਕਦਾ
✪

## ਕਰਜ਼ਦਾਰ

ਵਕਤ ਦੀਆਂ ਮਾਰਾਂ ਨੇ
ਮੈਨੂੰ ਘਚੋਲ ਕੇ ਰੱਖਤਾ ਸੀ
ਤਿੱਖੜ ਦੁਪਹਿਰਾਂ ਨੇ
ਮੇਰੇ ਪਿੰਡੇ ਨੂੰ ਮਧੋਲ ਕੇ ਰੱਖਤਾ ਸੀ
ਮੈਂ ਕਰਜ਼ਦਾਰ ਹਾਂ ਕੁਦਰਤ ਦਾ
ਸਾਰੀ ਉਮਰ ਨਹੀਂ ਕਰਜ਼ਾ ਲਾਹ ਸਕਦਾ
ਮੈਂ ਕੌੜੀਆਂ-ਮਿੱਠੀਆਂ ਯਾਦਾਂ ਨੂੰ
ਨਾਹੀਂ ਦਿਲੋਂ ਭੁਲਾ ਸਕਦਾ

ਮੈਂ ਕਰਜ਼ਦਾਰ ਹਾਂ ਕਈਆਂ ਦਾ
ਜਿਨ੍ਹਾਂ ਮੈਨੂੰ ਤਿੱਖੜ ਦੁਪਿਹਰਾਂ 'ਚ
ਤੁਰਨ ਸਿਖਾਇਆ ਸੀ
ਜਿਨ੍ਹਾਂ ਜ਼ਿੰਦਗੀ ਦਾ ਹਰ ਪਲ
ਮੇਰੇ ਨਾਮ ਲਾਇਆ ਸੀ
ਮੈਂ ਮਾਂ ਪਿਉ ਦੀ ਜਗ੍ਹਾ ਨਹੀਂ
ਕਿਸੇ ਹੋਰ ਨੂੰ ਖੜ੍ਹਾ ਸਕਦਾ
ਮੈਂ ਕੌੜੀਆਂ-ਮਿੱਠੀਆਂ ਯਾਦਾਂ ਨੂੰ
ਨਾਹੀਂ ਦਿਲੋਂ ਭੁਲਾ ਸਕਦਾ
ਮੈਂ ਕਰਜ਼ਦਾਰ ਹਾਂ ਕਈਆਂ ਦਾ

ਜਿਨ੍ਹਾਂ ਮੈਨੂੰ ਸਟੇਜ ਚੜ੍ਹਾਇਆ
ਬੋਲਣ ਖ਼ਾਤਰ ਸੀ
ਮੈਂ ਉਹਨਾਂ ਦੇ ਜ਼ਿੰਦਗੀ ਦੇ
ਨਾਟਕ ਦਾ ਮੁੱਖ ਪਾਤਰ ਸੀ
ਜਿਨ੍ਹਾਂ ਮੈਨੂੰ ਅਜ਼ਮਾਇਆ
ਮੈਂ ਉਹਨਾਂ ਨੂੰ ਨਹੀਂ ਅਜ਼ਮਾ ਸਕਦਾ
ਮੈਂ ਕੌੜੀਆਂ-ਮਿੱਠੀਆਂ ਯਾਦਾਂ ਨੂੰ
ਨਾਹੀਂ ਦਿਲੋਂ ਭੁਲਾ ਸਕਦਾ
ਮੈਂ ਕਰਜ਼ਦਾਰ ਹਾਂ ਕਈਆਂ ਦਾ

ਮਿਰੇ ਦਿਲ ਵਿਚ ਜਿਨ੍ਹਾਂ
ਪਿਆਰ ਦੀ ਜੋਤ ਜਗਾਈ ਸੀ
ਸਾਹਾਂ 'ਚ ਵਸਕੇ
ਜਿਨ੍ਹਾਂ ਸਾਹਾਂ ਦੀ ਉਮਰ ਘਟਾਈ ਸੀ
ਦਿਲ ਵਿਚ ਵਸਦਿਆਂ ਨੂੰ
ਦਿਲੋਂ ਨਹੀਂ ਭੁਲਾ ਸਕਦਾ
ਮੈਂ ਕੌੜੀਆਂ-ਮਿਠੀਆਂ ਯਾਦਾਂ ਨੂੰ
ਨਾਹੀਂ ਦਿਲੋਂ ਭੁਲਾ ਸਕਦਾ
ਮੈਂ ਕਰਜ਼ਦਾਰ ਹਾਂ ਕਈਆਂ ਦਾ

ਮੇਰੇ ਕਲੇਜੇ ਖਿੱਚ
ਜਿਨ੍ਹਾਂ ਨੇ ਬੋਲ ਵੀ ਮਾਰੇ ਸੀ
'ਬਾਜ' ਲਈ ਤਾਂ ਸਭ ਹੀ
ਜਾਨੋਂ ਵੱਧ ਪਿਆਰੇ ਸੀ
ਮੇਰੇ ਮਾੜੇ ਵਕਤ
ਜਿਹੜੇ ਨਾਲ ਖੜ੍ਹੇ ਸੀ
ਉਨ੍ਹਾਂ ਨੂੰ ਨਹੀਂ
ਦਿਲ ਦੀ ਵਹੀ ਤੋਂ ਲਾਹ ਸਕਦਾ
ਮੈਂ ਕੌੜੀਆਂ-ਮਿਠੀਆਂ ਯਾਦਾਂ ਨੂੰ
ਨਾਹੀਂ ਦਿਲੋਂ ਭੁਲਾ ਸਕਦਾ
ਮੈਂ ਕਰਜ਼ਦਾਰ ਹਾਂ ਕਈਆਂ ਦਾ

ਮੈਂ ਕੌੜੀਆਂ-ਮਿਠੀਆਂ ਯਾਦਾਂ ਨੂੰ
ਨਾਹੀਂ ਦਿਲੋਂ ਭੁਲਾ ਸਕਦਾ
ਮੈਂ ਕਰਜ਼ਦਾਰ ਹਾਂ ਕਈਆਂ ਦਾ
✪

## ਅਹਿਸਾਨਮੰਦ

ਯਾਦਾਂ ਦੀ ਡਾਇਰੀ ਵਿਚ
ਪਹਿਲਾ ਨਾਮ ਉਕਰਿਆ
ਮੈਂ ਆਪਣੇ ਮਾਪਿਆਂ ਦਾ
ਜਿਨ੍ਹਾਂ ਦੇ ਸਿਰ 'ਤੇ
'ਬਾਜ' ਮਾਰਦਾ ਹੈ ਉਡਾਰੀ
ਦੂਜਾ ਨਾਮ ਉਕਰਿਆ ਮੈਂ
ਆਪਣੇ ਗੁਰੂਆਂ ਦਾ
ਜਿਨ੍ਹਾਂ ਦਿੱਤੀ ਮੱਤ ਸਾਰੀ
ਤੀਜਾ ਨਾਮ ਉਕਰਿਆ ਮੈਂ
ਚਾਹੁਣ ਵਾਲਿਆਂ ਦਾ
ਜਿਨ੍ਹਾਂ ਮੇਰੇ ਸ਼ਬਦਾਂ ਨੂੰ
ਦਿੱਤੀ ਚੰਗਿਆਰੀ

ਚੌਥਾ ਨਾਮ ਉਕਰਿਆ
ਮੈਂ ਆਪਣੀ ਮਾਂ ਜਾਈ ਦਾ
ਜਿਹੜੀ ਮੈਨੂੰ ਸਾਰੇ ਜੱਗ ਤੋਂ ਪਿਆਰੀ

ਪੰਜਵਾਂ ਨਾਮ ਉਕਰਿਆ ਮੈਂ
ਆਪਣੇ ਯਾਰਾਂ ਦਾ
ਜਿਹੜੇ ਔਖੇ ਸਮੇਂ
ਖੜ੍ਹੇ ਵਾਰੋ-ਵਾਰੀ

ਫਿਰ ਬਚੇ ਸਫ਼ਿਆਂ 'ਤੇ
ਨਾਮ ਉਹਦਾ ਉਕਰਿਆ ਮੈਂ
ਜੀਹਨੇ ਸਾਜੀ ਕਾਇਨਾਤ ਸਾਰੀ
ਜੀਹਨੇ ਸਾਜੀ ਦੁਨੀਆਂ ਸਾਰੀ
ਯਾਰਾਂ ਦੀ ਡਾਇਰੀ ਵਿਚ
ਉਕਰੇ ਸਾਰੇ ਨਾਵਾਂ ਨੂੰ
'ਬਾਜ' ਕਰਦਾ ਸਿਜਦਾ ਹਰ ਵਾਰੀ....
✪

## ਪਿਆਰ

ਪਿਆਰ ਇੱਕ ਮਿੱਠਾ ਲਫ਼ਜ਼
ਹਰ ਮਨ ’ਤੇ ਛਾ ਜਾਣ ਵਾਲਾ
ਪਰ
ਪਿਆਰ ਦਾ ਪਹਿਲਾ ਲਫ਼ਜ਼ ਵੀ ਦੋਸਤੀ
ਤੋਂ ਸ਼ੁਰੂ ਹੁੰਦਾ ਹੈ
ਤੇ ਆਖ਼ਰੀ ਲਫ਼ਜ਼ ਵੀ ਦੋਸਤੀ
’ਤੇ ਖ਼ਤਮ ਹੁੰਦਾ ਹੈ
ਪਰ ਅੱਜ ਪਿਆਰ ਮੁਹੱਬਤ ਨੂੰ
‘ਸਮਾਂ-ਪਾਸ ਕਰੂ ਕਹਾਣੀ’
ਕਹਿੰਦੇ ਹਨ

ਅੱਜ
ਪਿਆਰ ਦਾ ਮਤਲਬ
ਹਕੀਕੀ ਪਿਆਰ ਨਹੀਂ
ਅੱਜ ਦਾ ਪਿਆਰ ਰੂਹਾਂ
ਦਾ ਪਿਆਰ ਨਹੀਂ

ਅੱਜ
ਪਿਆਰ ਜਿਸਮਾਨੀ ਪਿਆਰ
ਹੋ ਕੇ ਰਹਿ ਗਿਐ
ਅੱਜ ਦਾ ਪਿਆਰ ਪੂਰਾ ਮਤਲਬੀ
ਪਿਆਰ ਹੈ

ਅੱਜ
ਪਿਆਰ ਭੈਣ ਭਾਈ ਮਾਂ-ਬਾਪ
ਚਾਚਾ, ਤਾਇਆ, ਮਾਮਾ, ਨਾਨਾ
ਵਿੱਚ ਵੀ ਓਨਾ ਨਹੀਂ
ਰਹਿ ਗਿਆ
ਜਿੰਨਾ ਹੋਣਾ ਚਾਹੀਦਾ ਹੈ
ਅੱਜ ਦਾ ਪਿਆਰ
ਪਾਰਕ ਤੋਂ ਸ਼ੁਰੂ
ਹੁੰਦਾ ਹੈ
ਤੇ
ਕਿਸੇ ਹੋਟਲ ਦੇ
ਕਮਰੇ ਵਿਚ ਜਾ ਕੇ
ਦਮ ਤੋੜ ਦਿੰਦਾ ਹੈ
ਪਹਿਲੇ ਸਮਿਆਂ ਵਿਚ
ਪਿਆਰ ਦਾ ਕੋਈ
ਸਹੀ ਮਤਲਬ ਸੀ

ਪਰ
ਅੱਜ ਪਿਆਰ ਦਾ
ਕੋਈ ਮਤਲਬ ਨਹੀਂ ਰਿਹਾ
ਕਈ ਮੇਰੇ ਵਰਗੇ
ਕਰਮਾਂ ਮਾਰਿਆਂ ਨੂੰ
ਪਿਆਰ ਨਹੀਂ ਮਿਲਦਾ

ਪਰ
ਮੈਨੂੰ ਮਾਂ, ਬਾਪ ਤੇ ਚਾਚੇ ਚਾਚੀਆਂ
ਦਾ ਪਿਆਰ ਬਹੁਤ ਮਿਲਿਆ
ਤੇ
ਮਿਲ ਰਿਹਾ ਹੈ
ਮੇਰੀ ਭੈਣ ਮੈਨੂੰ ਜਾਨੋਂ
ਵੱਧ ਪਿਆਰ ਕਰਦੀ ਹੈ
ਪਰ
ਉਹ ਜੋ ਹੀਰ ਰਾਂਝੇ ਨੂੰ
ਸ਼ੀਰੀਂ ਫਰਿਹਾਦ ਨੂੰ
ਸੋਹਣੀ, ਮਹੀਂਵਾਲ ਨੂੰ
ਕਰਦੀ ਸੀ

ਮੈਨੂੰ

ਉਹੋ ਜਿਹੀ ਹੀਰ, ਸ਼ੀਰੀਂ
ਸੋਹਣੀ ਨਹੀਂ ਲੱਭੀ
ਜੋ ਮੈਨੂੰ ਪਿਆਰ ਕਰ ਸਕੇ
ਅੱਜ ਦੇ ਪਿਆਰ ਵਿਚ
ਸੂਰਤ ਮੂਹਰੇ ਹੈ
ਤੇ ਸੀਰਤ ਪਿੱਛੇ ਹੈ
ਇਸ ਲਈ
ਮੇਰਾ ਦਿਲ ਪੁਕਾਰਦਾ ਹੈ
ਮੈਨੂੰ ਮਿਲੀਆਂ ਬਹੁਤ
ਮਸ਼ਹੂਰੀਆਂ ਨੇ
ਕੋਈ ਪਿਆਰ ਕਰਨ ਵਾਲਾ
ਨਹੀਂ ਮਿਲਿਆ

ਮੈਨੂੰ ਰੋਂਦੇ ਨੂੰ
ਹਸਾ ਦੇਵੇ
ਮੈਨੂੰ ਅਸਲੀ
ਰਸਤੇ ਪਾ ਦੇਵੇ
ਕੋਈ ਐਸਾ ਰਾਹੀ
ਨਹੀਂ ਮਿਲਿਆ
ਜੀਹਨੂੰ ਦਿਲ ਦੀ
ਗੱਲ ਸੁਣਾ ਸਕਾਂ
ਹਰ ਦਰਦ ਦੱਸ ਸਕਾਂ
ਕੋਈ ਐਸਾ ਦਰਦੀ
ਨਹੀਂ ਮਿਲਿਆ
ਮਿੱਠੀਆਂ ਗੱਲਾਂ ਕਰਕੇ
ਲੁੱਟਣ ਵਾਲੇ
ਨਿੱਤ ਮਿਲਦੇ
ਮੈਨੂੰ ਕੋਈ ਸੱਚਾ ਸਾਥੀ
ਨਹੀਂ ਮਿਲਿਆ....
✪

## ਤਰਸ ਕਰੋ

ਕੁਰਸੀਆਂ ਵਾਲਿਓ
ਦੇਸ਼ ਨੂੰ ਵੇਚਣ ਵਾਲਿਓ
ਮਿੱਠੀਆਂ ਜ਼ੁਬਾਨਾਂ ਵਾਲਿਓ
ਦਿਲਾਂ ਦੇ ਕਾਲ਼ਿਓ
ਜ਼ਰਾ ਤਰਸ ਕਰੋ
ਦੁਖੀ ਜਨਤਾ 'ਤੇ
ਜਿਨ੍ਹਾਂ ਨੂੰ ਆਪਸ ਵਿਚ
ਲੜਾ ਕੇ ਤੁਸੀਂ
'ਪਾੜੋ ਤੇ ਰਾਜ ਕਰੋ'
ਦੇ ਵਾਕਾਂ ਨੂੰ ਪੂਰਾ ਕਰ ਰਹੇ ਹੋ

ਮਸਜਿਦ ਦੀ ਥਾਂ
ਮੰਦਿਰ ਬਣਾਉਣ ਵਾਲਿਓ
ਕਦੇ ਦਿੱਲੀ 'ਚ ਦੰਗੇ
ਕਦੇ ਗੁਜਰਾਤ 'ਚ ਪੰਗੇ
ਪਾਉਣ ਵਾਲਿਓ
ਦੱਸੋ ਕਿੱਥੇ-ਕਿੱਥੇ ਹੋਰ
ਕੀ ਕੁਝ ਕਰਵਾਉਗੇ
ਦੱਸੋ ਭਾਈਆਂ ਦੇ ਹੱਥੋਂ
ਕਦੋਂ ਤੱਕ ਭਾਈ ਮਰਵਾਉਗੇ

ਕੁਰਸੀਆਂ ਦੇ ਮਾਲਕੋ
ਤੁਹਾਡੇ ਮੂਹਰੇ
ਹੱਥ ਜੋੜ ਕੇ ਕਹਿੰਦੇ ਹਾਂ
ਤੁਸੀਂ ਅਯੁੱਧਿਆ 'ਚ ਕੋਈ
ਐਸਾ ਕੰਮ ਨਾ ਕਰਿਓ
ਕਿ ਫਿਰ ਧੀਆਂ ਭੈਣਾਂ ਦੀਆਂ
ਇੱਜ਼ਤਾਂ ਨੂੰ ਹੱਥ ਪੈਣ
ਚੁੰਨੀਆਂ ਤੇ ਪੱਗਾਂ ਰੁਲ਼ਣ
ਅਸੀਂ ਉਹ ਸੰਤਾਪ
ਫਿਰ ਨਹੀਂ ਦੇਖਣਾ ਚਾਹੁੰਦੇ
ਜਿਹੜਾ ਅਸੀਂ
ਚੁਰਾਸੀ 'ਚ ਦੇਖਿਆ ਸੀ

ਦੇਸ਼ ਦਿਓ ਮਾਲਕੋ
ਕੁਰਸੀਆਂ 'ਤੇ ਬਹਿ ਕੇ
ਕਿਸੇ ਦੀ ਧੀ ਨੂੰ
ਤੰਦੂਰ 'ਚ ਨਾ ਸਾੜੋ
ਕਦੇ ਤੁਸੀਂ ਵੀ ਉਸ ਤੰਦੂਰ ਦੀ
ਅੱਗ ਵਿਚ ਸੜ ਕੇ ਵੇਖੋ
ਕਿ ਇਸ ਅੱਗ ਦਾ
ਦਰਦ ਕੀ ਹੁੰਦਾ ਹੈ

ਔਰਤਾਂ ਤਾਂ ਪਹਿਲਾਂ ਹੀ
ਦੁੱਖਾਂ ਦੀਆਂ ਮਾਰੀਆਂ
ਹੁੰਦੀਆਂ ਨੇ
ਉਹਨਾਂ ਨੂੰ ਕੀ ਸਾੜਨਾ
ਉਹ ਤਾਂ ਪਹਿਲਾਂ ਹੀ
ਸੜੀਆਂ ਹੁੰਦੀਆਂ ਨੇ

ਸਾਨੂੰ ਤੁਹਾਡੇ ਰਾਜ ਵਿਚ
ਕਿਸੇ ਬੇਸਹਾਰਾ ਔਰਤਾਂ ਦੇ ਮੱਥੇ
ਤੇ 'ਜੇਬ-ਕਤਰੀ' ਲਿਖਣਾ
ਮਨਜ਼ੂਰ ਨਹੀਂ ਹੈ
ਜੇਕਰ ਤੁਹਾਡੀ ਆਜ਼ਾਦੀ
ਪੰਦਰਾਂ ਅਗਸਤ ਤੇ ਛੱਬੀ ਜਨਵਰੀ
ਨੂੰ ਤਿੰਨ ਰੰਗਾ ਝੰਡਾ
ਲਹਿਰਾਉਣ ਵਿਚ ਹੈ
ਤਾਂ ਇਹ ਆਜ਼ਾਦੀ

ਸਾਨੂੰ ਮਨਜ਼ੂਰ ਨਹੀਂ
ਜਿਸ ਆਜ਼ਾਦੀ ਵਿਚ
ਬੇਰੁਜ਼ਗਾਰੀ
ਭੁੱਖ-ਮਰੀ
ਤੇ ਭ੍ਰਿਸ਼ਟਾਚਾਰ ਹੋਵੇ

ਸਾਨੂੰ ਤਾਂ ਚਾਹੀਦਾ ਹੈ
ਸ਼ਹੀਦ ਭਗਤ ਸਿੰਘ ਦੇ
ਸੁਪਨਿਆਂ ਦਾ ਦੇਸ਼
ਸ਼ਹੀਦ ਊਧਮ ਸਿੰਘ ਦੇ
ਸੁਪਨਿਆਂ ਦਾ ਦੇਸ਼
ਸ਼ਹੀਦ ਕਰਤਾਰ ਸਿੰਘ
ਸਰਾਭੇ ਦੇ
ਸੁਪਨਿਆਂ ਦਾ ਦੇਸ਼
ਜਿਸ ਵਿਚ
ਹਰੇਕ ਧਰਮ ਨੂੰ ਸਤਿਕਾਰ ਮਿਲੇ
ਹਰੇਕ ਨੂੰ ਮਿਲੇ ਰੋਟੀ ਤੇ ਰੋਜ਼ੀ

ਜਨਤਾ ਨੂੰ ਭੜਕਾਉਣਾ ਬੰਦ ਕਰੋ
ਬੱਸ ਤੁਸੀਂ ਜ਼ਰਾ
ਤਰਸ ਕਰੋ!
ਤਰਸ ਕਰੋ!!
✪

## ਤਪਸ਼

ਮੈਂ ਚਾਹਿਆ ਸਾਰੀ ਉਮਰ
ਜਿਸ ਨੂੰ ਉਹ ਤਾਂ
ਇੱਕ ਅੱਖ ਦੇ ਝਮਕੇ ਨਾਲ
ਮੈਨੂੰ ਫੱਟ ਦੇ ਗਈ
ਕਿ ਮੈਨੂੰ ਉਸ ਦਾ ਚਿਹਰਾ
ਨਾ ਭੁੱਲੇ

ਮੈਂ ਵਾਰ-ਵਾਰ
ਕੋਸੇ-ਕੋਸੇ ਹੰਝੂਆਂ 'ਚੋਂ
ਉਸਦੀ ਤਸਵੀਰ
ਲਭਦਾ ਰਹਾਂ

ਪਿੰਜਰੇ ਦੇ ਤੋਤੇ ਵਾਂਗ
ਮੀਂਆਂ ਮਿੱਠੂ ਬਣਿਆ
ਰਹਾਂ
ਜੋ ਵੀ
ਉਸਦੀ ਅਣਹੋਂਦ ਮੈਥੋਂ
ਕਰਵਾਉਂਦੀ ਰਹੇ
ਮੈਂ ਕਰਦਾ ਰਹਾਂ

ਪਰ ਮੈਂ ਕੀ ਕਰਾਂ
ਉਸਦੇ ਪਰਛਾਵੇਂ ਨੂੰ
ਲੱਭਦਾ-ਲੱਭਦਾ ਬੜੀ
ਦੂਰ ਨਿਕਲ ਜਾਂਦਾ ਹਾਂ

ਰੇਤ ਤੇ ਉਸਦੇ ਪੈਰਾਂ
ਦੇ ਨਿਸ਼ਾਨ ਲੱਭਦਾ ਹਾਂ
ਸੱਸੀ ਵਾਂਗਰ
ਤੜਫ਼ਦਾ ਹਾਂ
ਬਿਨ ਪਾਣੀ ਤੋਂ
ਮੱਛੀ ਵਾਂਗਰ

ਸੱਚ!
ਉਸਨੂੰ ਪਾਉਣ ਦੀ ਤਪਸ਼
ਮੇਰੇ ਦਿਲ ਦੀਆਂ ਬਰੂਹਾਂ 'ਤੇ
ਸਦਾ ਰਹਿੰਦੀ ਹੈ
✪

## ਵਫ਼ਾਦਾਰ

ਮੈਂ ਸੋਚਿਆ ਸੀ
ਕਿ ਮੈਂ
ਸਦਾ ਵਫ਼ਾਦਾਰ ਰਹਾਂਗਾ
ਆਪਣੇ ਮਾਪਿਆਂ ਦਾ
ਆਪਣੇ ਅਧਿਆਪਕਾਂ ਦਾ
ਆਪਣੇ ਚਾਹੁਣ ਵਾਲਿਆਂ ਦਾ
ਆਪਣੇ ਯਾਰਾਂ ਦਾ
ਪਰ ਮੁਆਫ਼ ਕਰਨਾ
ਮੈਂ ਇਸ ਬੇਵਫ਼ਾ
ਦੁਨੀਆਂ 'ਚ
ਵਫ਼ਾਦਾਰ ਬਣ
ਨਾ ਸਕਿਆ
✪

## ਦਿਲ

ਦਿਲ
ਉਹ ਕੋਮਲ ਚੀਜ਼
ਜਿਸਦਾ ਟੁੱਟਣ 'ਤੇ
ਖੜਾਕ ਨਹੀਂ ਹੁੰਦਾ
ਪਰ ਟੁੱਟਣ ਤੋਂ
ਬਾਅਦ ਦਿਲ ਦੇ ਮਾਲਕ
ਦੀ ਦੁਨੀਆਂ ਵੀਰਾਨ
ਹੋ ਜਾਂਦੀ ਹੈ
✪

## ਵੋਟ

ਵੋਟ
ਇੱਕ ਕੋਰਾ ਕਾਗਜ਼
ਜਿਸਦਾ ਮੁੱਲ ਵੀ
ਪੈਂਦਾ ਹੈ
ਤੇ
ਮੁੱਲ ਪੈਣ ਤੋਂ ਬਾਅਦ
ਕਈ ਘਰਾਂ 'ਚ ਸੱਥਰ
ਵਿਛ ਜਾਂਦੇ ਹਨ
✪